ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ਮਾਸਕ ਪੱਤਰ

ੴ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਪਟਿਆਲਾ

DECEMBER 1967 } { ਦਸੰਬਰ ੧੯੬੭

ਗੁ: ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ, ਨੌਵੀਂ ਪਾਤਸ਼ਾਹੀ



ਜਿਥੇ ੬ ਦਸੰਬਰ ਨੂੰ ਸ਼ਹੀਦੀ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

www.AKJ.Org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ | ੪ | ਸੰਪਾਦਕ |
| ੨. | ਖਾਲਸਾ | ੫, ੬ | ਬੀਬੀ ਹਰਜੀਤ ਸਿੰਘ (ਨਿਹੰਗ ਸਿੰਘ) |
| ੩. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ | ੭ | ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ੪. | ਕੀਰਤਨ ਸਮਾਗਮ ਤੇ ਬਿਬੇਕੀ ਲੰਗਰ | ੯ | ਇਕ ਗੁਰਮਤਿ ਖੋਜੀ |
| ੫. | ਝਾੜੀ ਉਤੇ ਲਾਲ ਕਪੜਾ | ੧੨ | ਭਾਈ ਮਨਮੋਹਣ ਸਿੰਘ ਜੀ M.Sc. ਜੈਪੁਰ |
| ੬. | ਸਾਡਾ ਪ੍ਰਚਾਰ ਢੰਗ | ੧੭ | ਭਾਈ ਅਮ੍ਰੀਕ ਸਿੰਘ ਜੀ B.A, ਬੜੋਦਾ |
| ੭. | ਨਾਮ ਖੁਮਾਰੀ | ੨੫ | ਬੀਬੀ ਹਰਬੰਸ ਕੌਰ ਜੀ ਗੁਨਿਆਣਾ ਮੰਡੀ |
| ੮. | ਸਾਹਿਬਜ਼ਾਦਿਆਂ ਨਾਲ ਬੇਇਨਸਾਫ਼ੀ | ੨੮ | ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ |
| ੯. | ਅੰਮ੍ਰਿਤ ਵੇਲਾ | ੩੪ | ਡਾ: ਤੇਜਿੰਦਰ ਸਿੰਘ ਜੀ ਭੂਪਾਲ |
| ੧੦. | ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ | ੩੭ | ਰੀਪੋਰਟਰ ਸੂਰਾ |
| ੧੧. | ਬੇਨਤੀ-ਪੱਤਰ | ੪੩ | ਮੈਨੇਜਰ ਸੂਰਾ |


## ਇਸ ਮਹੀਨੇ ਵਿਚ ਗੁਰਪੁਰਬ

| | |
|---|---|
| ਪਾਤਸ਼ਾਹੀ ੧੦ ਗੁਰਿਆਈ ਮਿਲੀ | ੪ ਦਸੰਬਰ |
| ਸ਼ਹੀਦੀ ਪਾਤਸ਼ਾਹੀ ਨੌਵੀਂ | ੬ ਦਸੰਬਰ |
| ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) | ੨੨ ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਫ਼ਤਹਿਗੜ੍ਹ ਸਾਹਿਬ) | ੨੭ ਦਸੰਬਰ |

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜਿਲਦ ਨੰ: ੨ ਮਘਰ—ਪੋਹ ੪੯੯ ਨਾਨਕ ਸ਼ਾਹੀ ਅੰਕ ਨੰ: ੧੧


ਪੋਖਿ ਤੁਖਾਰੁ ਨ ਵਿਆਪਈ ਕੰਠ ਮਿਲਿਆ ਹਰਿ ਨਾਹੁ ।।
ਮਨੁ ਬੇਧਿਆ ਚਰਨਾਰ ਬਿੰਦ ਦਰਸਨਿ ਲਗੜਾ ਸਾਹੁ ।।
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ।।
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ।।
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ।।
ਕਰੁ ਗਹਿ ਲੀਨੀ ਪਾਰ ਬ੍ਰਹਮਿਬਹੁੜਿ ਨ ਵਿਛੁੜੀਆਹੁ ।।
ਬਾਰਿ ਜਾਉ ਲਖ ਬੇਰੀਆ ਹਰਿ ਸਜਣ ਅਗਮ ਅਗਾਹੁ ।।
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ।।
ਪੋਖ ਸੁੋਹੰਦਾ ਸਰਬ ਸੁਖ ਜਿਸ ਬਖਸੇ ਵੇ ਪਰਵਾਹੁ ।।੧੧।।

(ਬਾਰਾ ਮਾਹ ਮਾਝ ਮਹਲਾ ੫ ਘਰ ੪)


ਆਨਰੇਰੀ ਐਡੀਟਰ :
ਮਨੋਹਰ ਸਿੰਘ

ਦਸੰਬਰ ੧੯੬੭

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾਕੇ ਦਫਤਰ 'ਸੂਰਾ' ਰਾਘੋਮਾਜਰਾ. ਪਟਿਆਲਾ ੩ ਤੋਂ ੫ ਦਸੰਬਰ ੧੯੬੭ ਨੂੰ ਪ੍ਰਕਾਸ਼ਤ ਕੀਤਾ।



www.AKJ.Org




ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਛੇ ਦਸੰਬਰ ਨੂੰ ਮਨਾਇਆ ਜਾਏਗਾ। ਆਪ ਜੀ ਦਾ ਜੀਵਨ ਘੋਰ ਤਪਸਿਆ ਵਿਚ ਹੀ ਬੀਤਿਆ। ਭਾਵੇਂ ਆਪ ਦੀ ਇਛਾ ਨਹੀਂ ਸੀ ਪਰਗਟ ਹੋਣ ਦੀ, ਪਰ 'ਬਾਬਾ ਬਕਾਲੇ' ਦੇ ਹੁਕਮਨਾਮੇ ਨੇ ਅਕਾਲ ਪੁਰਖ ਦਾ ਝੰਡਾ ਝੁਲਾਉਣ ਲਈ ਆਪ ਨੂੰ 'ਗੁਰ ਲਾਧੋ ਰੇ' ਦੇ ਸਾਂਗ ਵਰਤਾਉਣ ਪਰ ਮਜਬੂਰ ਕਰ ਦਿਤਾ। ਗੁਰਤਾ ਲਈ ਤਰਲੇ ਲੈ ਰਹੇ ਬਾਈ (੨੨) ਕੁ ਗੁਰੂ-ਘਰ ਦਿਆਂ ਨੇ ਅਜੀਬ ਪਾਖੰਡ ਖਲੇਰਿਆ ਹੋਇਆ ਸੀ। ਇਕ ਨਹੀਂ ਦੋ ਨਹੀਂ ਸਾਰੇ ਦੇ-ਸਾਰੇ ਬਕਾਲੇ ਦੇ ਬਾਬੇ ਬਣਕੇ ਆਪਣੀਆਂ ਆਪਣੀਆਂ ਹੱਟੀਆਂ ਖੋਲ੍ਹ ਕੇ ਬੈਠ ਗਏ ਸਨ। ਗੁਰੂ ਨਾਨਕ ਦੇ ਨਾਮ ਲੇਵਾ ਸਿਖ ਸੰਗਤਾਂ ਲਈ ਇਹ ਫ਼ੈਸਲਾ ਕਰਨਾ ਭੀ ਔਖਾ ਕੰਮ ਸੀ ਕਿ ਇਹਨਾਂ ਬਾਈਆਂ ਵਿਚੋਂ ਕੌਣ 'ਸਚਾ ਪਾਤਸ਼ਾਹ' ਹੈ।

ਅਜ ਵੀ ਤਕਰੀਬਨ ਉਹ ਦਸ਼ਾ ਹੈ। ਥਾਉਂ ਥਾਈਂ ਆਪ-ਮੁਹਾਰੇ ਗੁਰੂ ਬਣ ਬਣ ਬੈਠਣ ਦਾ ਰਿਵਾਜ ਪੈ ਗਿਆ ਹੈ। ਭਾਵੇਂ ਭਾਰਤ ਵਿਚ ਸਿਖਿਆ ਦਾ ਕਿਤਨਾ ਹੀ ਪਸਾਰਾ ਹੋ ਚੁਕਾ ਹੈ ਪਰ ਪੜ੍ਹੇ ਲਿਖੇ ਲੋਕ ਅਜੇ ਵੀ ਬੜੇ ਸ਼ਰਧਾਵਾਨ ਹਨ, ਤੇ ਇਹੋ ਜਿਹੇ ਛੋਟੇ ਮੋਟੇ ਗੁਰੂ ਤੇ ਆਪਣਾ ਭਰੋਸਾ ਰਖ ਲੈਂਦੇ ਹਨ। ਜੇ ਕਸ਼ਮੀਰੀ ਪੰਡਤਾਂ ਵਾਲੀ ਸਾਖੀ ਸਚੀ ਹੈ ਤਾਂ ਕੀ ਉਹਨਾਂ ਆਗੂਆਂ ਵਿਚੋਂ ਕੋਈ ਅਜਿਹਾ ਆਗੂ ਨਹੀਂ ਸੀ ਜੋ ਭੀੜ ਪੈਣ ਤੇ ਆਪ ਜਾਮੇ-ਸ਼ਹਾਦਤ ਪੀ ਕੇ ਆਪਣੇ ਸ਼ਰਧਾਲੂਆਂ ਨੂੰ ਧਰਮ ਲਈ ਸ਼ਹੀਦ ਹੋਣ ਦੀ ਪ੍ਰੇਰਨਾ ਦੇ ਸਕਦਾ? ਉਤਰ ਅਜ ਤਕ ਨਾਂਹ ਵਿਚ ਹੀ ਮਿਲਿਆ ਹੈ। ਇਹ ਗੁਰੂ ਤੇਗ਼ ਬਹਾਦਰ ਹੀ ਸਨ ਜੋ ਧਰਮ ਖ਼ਾਤਰ 'ਪੁਰਜ਼ਾ ਪੁਰਜ਼ਾ ਕਟ ਮਰੇ ਕਬਹੂ ਨ ਛਾਡੇ ਖੇਤ' ਦਾ ਅਮਲੀ ਤੇ ਸੁਚੱਜਾ ਪੂਰਨਾ ਪਾ ਕੇ ਸਾਡੇ ਸਾਰਿਆਂ ਤੇ ਪਰਉਪਕਾਰ ਕਰ ਗਏ ਹਨ, ਕਿ ਅਸੀਂ ਵੀ ਲੋੜ ਪੈਣ ਤੇ ਬਹਾਦਰਾਂ ਵਾਂਗ ਮੌਤ ਨੂੰ ਵੰਗਾਰ ਪਾ ਸਕੀਏ। ਅਜ ਦੇ ਭੇਖੀ, ਅਖਾਉਤੀ ਗੁਰੂ ਇਹੋ ਜਿਹੇ ਕਰੜੇ ਪੂਰਨੇ ਪਾਉਣ ਤੋਂ ਸਦਾ ਸੰਕੋਚ ਹੀ ਕਰਦੇ ਆਏ ਹਨ। ਉਹਨਾਂ ਲਈ ਤਾਂ ਜ਼ਮਾਨਾ ਵੀ ਸ਼ਾਇਦ ਬੜਾ ਚੰਗਾ ਤੇ ਦਿਆਲੂ ਆ ਗਿਆ ਹੈ ਜਦੋਂ ਕਿ ਜੇਹਲਾਂ ਵਿਚ ਵੀ ਕਾਫ਼ੀ ਸਹੂਲਤਾਂ ਹਨ, ਤੇ ਇਹੋ ਜਿਹੇ ਕਰੜੇ ਪੂਰਨੇ ਪਾਉਣ ਦੇ ਉਹਨਾਂ ਦੇ ਭਾਗਾਂ ਨੂੰ ਸ਼ਾਇਦ ਮੌਕੇ ਘਟ ਹੀ ਆਉਣ। ਧੰਨ ਸ੍ਰੀ ਗੁਰੂ ਤੇਗ਼ ਬਹਾਦਰ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

(ਪਾਤਸ਼ਾਹੀ ੧੦)



www.AKJ.Org

# THE KHALSA

*by*

Miss. Harjit Singh ( Nihang Singh )

*(Speech delivered at Jullundur on 17th Nov, 67 on the occasion of the "Dawn purb)' of Shri Guru Nanak Dev ji*

In the period of the past 15 months, since I became sikh, I have given many betures in gurdwar's and Darbars all over the contry. And one thing is apparant:- there are too many half Khalsa's People seem to be forgetting Guru Gobind Singh, Panth, and his advice and teachings too many people are cutting and dying their hair, Too many smoking and drinking behind closed doors.

Guru Gobind Singh said "Khalsa Mera Roop he khass. Khalse me hon karon niwas."

But there are too many who, are every day Spoiling, · the image of Guru Gobind Singh, and destroying the reputation of the true Khalsa who seem to be very few.

When Guru Gobind Singh was at the Hem kunt he saw Khalsa as being confident, ho lding his noble head high, Proud of his flowing beard and handsome turban, and eyes shining with love of God. This applied to man as well as to women.

But when I look amony the sangat I see the men looking as Khalsa. But where are the women Khalsa ? They all look like Hindus and become just as Superstitions too. Why ? Nothing but fashion and ego. They can make no sarifice to god as to showing their outward worship.

But to night I feel very much honoured to be the first time, in the presence of true Khalsa, out wardly and inwardly.

I notice all the women are wearing dustars and keeping a small Kirpan. And more important both men and women taking an active Part in singing Kirtan and doing Nam Simran In this Derbar there is the real sprirt of Khalsa. Guru Gobind Singh is certainly here. The future of khalsa lies in your hands. Your children will be good Sikhs according to your teaching. And I only hope that the rest of the Panth will follow your good example and advice which should he done through Gurmattas.

May God Bless you all !

Wahe Guru ji ka khalsa

Wahe Guru ji ki fateh



www.AKJ.Org

# ☬ ਖਾਲਸਾ ☬

ਵਲੋਂ—ਬੀਬੀ ਹਰਜੀਤ ਸਿੰਘ (ਨਿਹੰਗ ਸਿੰਘ)

ਇਹ ਬੀਬੀ ਇੰਗਲੈਂਡ ਦੇ ਨਿਵਾਸੀ ਸਨ, ਹੁਣ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਕੇ ਨਿਹੰਗੀ ਬਾਣੇ ਵਿਚ ਸਾਡੇ ਦੇਸ਼ ਵਿੱਚ ਵਿਚਰਦੇ ਹਨ। ਆਪ ਨੇ ਇਹ ਵਿਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮੇਂ ਜਲੰਧਰ ਹੋਏ ਕੀਰਤਨ ਸਮਾਗਮ ਵਿੱਚ ਸੰਗਤਾਂ ਦੇ ਭੇਟ ਕੀਤੇ। ਇਹ ਉਸਦਾ ਪੰਜਾਬੀ ਵਿੱਚ ਉਲਥਾ ਹੈ— [ਐਡੀਟਰ]

ਪਿਛਲੇ ਪੰਦਰਾਂ ਮਹੀਨਿਆਂ ਤੋਂ ਜਦ ਦੀ ਮੈਂ ਖਾਲਸਾ ਪੰਥ ਵਿਚ ਰਲੀ, ਦੇਸ਼ ਭਰ ਦੇ ਕਈ ਗੁਰਦਵਾਰਿਆਂ ਵਿਚ ਲੈਕਚਰ ਦਿਤੇ ਹਨ। ਇਕ ਚੀਜ਼ ਮੈਨੂੰ ਸਾਫ਼ ਦਿਸੀ ਹੈ ਕਿ ਖਾਲਸੇ ਅਧ ਖਾਲਸੇ ਹਨ ਤੇ ਇਹੋ ਜਿਹੇ ਅਧ ਖਾਲਸੇ ਬਹੁਤ ਹਨ। ਲੋਕੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਉਪਦੇਸ਼ ਅਤੇ ਪੰਥ ਨੂੰ ਭੁਲਦੇ ਜਾ ਰਹੇ ਹਨ। ਬਹੁਤ ਸਾਰੇ ਲੋਕ ਦਾੜ੍ਹੀਆਂ ਕਟਦੇ ਅਤੇ ਰੰਗਦੇ ਹਨ, ਕਈ ਤਾਂ ਬੰਦ ਦਰਵਾਜ਼ਿਆਂ ਪਿਛੇ ਸ਼ਰਾਬਾਂ ਪੀਂਦੇ ਤੇ ਗਧੀ ਚੁੰਘਦੇ (ਤੰਬਾਕੂ ਪੀਂਦੇ) ਹਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਹੇਮਕੁੰਟ ਸਨ ਤਾਂ ਉਹਨਾਂ ਖਾਲਸੇ ਦਾ ਜੋ ਸਰੂਪ ਦੇਖਿਆ ਉਹ ਆਤਮ ਭਰੋਸੇ ਵਾਲਾ ਸੀ। ਉਸਦਾ ਮਸਤਕ ਆਪਣੇ ਗੁਣਾਂ ਕਰਕੇ ਉਚਾ ਸੀ ਉਸ ਨੂੰ ਆਪਣੀ ਖੁਲ੍ਹੀ ਦਾੜ੍ਹੀ ਤੇ ਸੋਹਣੀ ਦਸਤਾਰ ਦਾ ਮਾਣ ਸੀ, ਉਸਦੇ ਅਖਾਂ ਵਿਚ ਰੱਬੀ ਪਿਆਰ ਦੀ ਚਮਕ ਸੀ। ਇਹ ਗੁਣ ਇਸਤ੍ਰੀਆਂ ਅਤੇ ਪੁਰਸ਼ਾਂ ਵਿਚ ਇਕੋ ਬਰਾਬਰ ਸਨ। ਜਦੋਂ ਮੈਂ ਸੰਗਤ ਵਿਚ ਦੇਖਦੀ ਹਾਂ ਤਾਂ ਮੈਨੂੰ ਸਿਰਫ਼ ਮਰਦ ਹੀ ਖਾਲਸਾ ਦਿਸਦਾ ਹੈ। ਔਰਤਾਂ ਵਿਚ ਖਾਲਸੇ ਸਰੂਪ ਦੇ ਦਰਸ਼ਨ ਨਹੀਂ ਹੁੰਦੇ ਉਹ ਸਾਰੀਆਂ ਹਿੰਦੂ ਲਗਦੀਆਂ ਹਨ ਉਹਨਾਂ ਵਾਂਗ ਵਹਿਮੀ ਲਗਦੀਆਂ ਹਨ, ਇਸ ਦਾ ਕੀ ਕਾਰਨ ਹੈ ? ਇਸਦਾ ਕਾਰਨ ਸਿਵਾਏ ਫ਼ੈਸ਼ਨ ਤੇ ਹਉਮੈ ਦੇ ਹੋਰ ਕੁਝ ਵੀ ਨਹੀਂ। ਉਹ ਵਾਹਿਗੁਰੂ ਦੀ ਭਗਤੀ ਕਰਨ ਲਈ ਕੋਈ ਵੀ ਕੁਰਬਾਨੀ ਨਹੀਂ ਕਰ ਸਕਦੀਆਂ।

ਪਰ ਅਜ ਰਾਤ ਮੈਨੂੰ ਬੜਾ ਮਾਣ ਤੇ ਖੁਸ਼ੀ ਹੈ ਕਿ ਮੈਂ ਪਹਿਲੀ ਵਾਰ ਸਚੇ ਖਾਲਸੇ ਦੀ ਸੰਗਤ ਵਿਚ ਬੈਠੀ ਹਾਂ ਜੋ ਅੰਦਰੋਂ ਬਾਹਰੋਂ ਪੂਰਨ ਖਾਲਸੇ ਦਾ ਸਰੂਪ ਹੈ। ਦੇਖੋ ! ਸਾਰੀਆਂ ਬੀਬੀਆਂ ਨੇ ਦਸਤਾਰੇ ਸਜਾਏ ਹੋਏ ਹਨ ਅਤੇ ਕਿਰਪਾਨਾਂ ਵੀ ਸਜਾਈਆਂ ਹੋਈਆਂ ਹਨ, ਏਸ ਤੋਂ ਵੀ ਜ਼ਿਆਦਾ ਵੱਡੀ ਗਲ ਤਾਂ ਇਹ ਵੀ ਹੈ ਕਿ ਦੋਨੋਂ ਸਿੰਘ ਸਿੰਘਣੀਆਂ ਕੀਰਤਨ ਕਰਨ ਵਿਚ ਤੇ ਨਾਮ ਜਪਣ ਵਿਚ ਖੂਬ ਜੁਟਦੇ ਹਨ। ਏਸ ਦਰਬਾਰ ਵਿਚ ਖਾਲਸੇ ਦੀ ਸਹੀ ਸਪਿਰਟ ਹੈ ਗੁਰੂ ਗੋਬਿੰਦ ਸਿੰਘ ਜੀ ਹਨ ਤਾਂ ਏਥੇ ਹੀ ਹਨ।

ਬੀਬੀਓ ! ਖਾਲਸੇ ਦਾ ਭਵਿਖ ਤੁਹਾਡੇ ਹਥਾਂ ਵਿਚ ਹੀ ਹੈ। ਤੁਹਾਡੇ ਬਚੇ ਚੰਗੇ ਗੁਰਸਿਖ ਬਨਣਗੇ ਜੇ ਤੁਸੀਂ ਉਹਨਾਂ ਨੂੰ ਚੰਗੀ ਸਿਖਿਆ ਦਿਓਗੇ ਤੇ ਮੈਨੂੰ ਆਸ ਹੈ ਕਿ ਬਾਕੀ ਦਾ ਖਾਲਸਾ ਪੰਥ ਵੀ ਤੁਹਾਡੀ ਮਿਸਾਲ ਤੇ ਚਲੇਗਾ ਅਤੇ ਇਸ ਸੋਧ ਸੁਧਾਈ ਨੂੰ ਗੁਰਮਤਿਆਂ ਰਾਹੀਂ ਹੀ ਕਰਨਾ ਚਾਹੀਦਾ।

ਪ੍ਰਮਾਤਮਾਂ ਤੁਹਾਨੂੰ ਸਭ ਨੂੰ ਚੜ੍ਹਦੀਆਂ ਕਲਾਂ ਬਖਸ਼ੇ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿੰਨ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰੂ ਸਾਹਿਬਾਂ ਦਾ ਸੱਚਾ ਸਰੂਪ ਜਾਣਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪੂਰਾ ਅਦਬ ਸਨਮਾਨ ਕਰਦੇ ਹਨ। ਸਿਰ ਸ਼ਾਹਾਂ ਦੇ ਸੱਚੇ ਸ਼ਾਹ, ਗੁਰੂ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਗੁਰੂ ਪਾਤਸ਼ਾਹ ਦੇ ਅਨਿੰਨ ਗੁਰ ਸਿੱਖਾਂ ਦਾ ਪੂਰਾ ਪੂਰਾ ਧਰਮ ਮਿਆਰ ਹੈ, ਅਦਬ ਸਨਮਾਨ ਹੇਠ ਲਿਖੀਆਂ ਸਿੱਖੀ ਸਿਦਕ ਦੀਆਂ ਅਨਿੰਨਤਾ ਪੂਰਤ ਸ਼ਰਧਾ ਭਾਵਨੀਆਂ ਨਾਲ ਅਉਂਦਾ ਹੈ।

(੧) ਮਨ, ਬਚਨ, ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਕਲਿਆਣਕਾਰੀ ਗੁਰੂ ਸਮਝਣਾ ਅਤੇ ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਹੋਰ ਕਿਸੇ ਵੀ ਦੇਹ ਧਾਰੀ ਡਿੰਭੀ ਗੁਰੂ ਉਤੇ ਕਲਿਆਣਕਾਰੀ ਗੁਰੂ ਵਾਲੀ ਸ਼ਰਧਾ ਨਹੀਂ ਲਿਆਵਣੀ।

(੨) ਗੁਰੂ ਸੰਗਤ ਦੇ ਸਮਾਗਮ ਵਿੱਚ ਜਦੋਂ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤਾਂ ਉਚੇ ਸੁਚੇ ਸਿੰਘਾਸਣ ਉੱਤੇ ਹੋਵੇ।

(੩) ਪ੍ਰਕਾਸ਼ ਰੂਪ ਸਿੰਘਾਸਨ ਸਰੂਪ ਉੱਤੇ ਸਜਾਏ ਹੋਏ ਬਸਤਰ ਚਾਹੇ ਸਿੱਧੇ ਸਾਦੇ ਹੀ ਹੋਣ ਪਰੰਤੂ ਸੁੱਛ ਅਤੇ ਸਾਫ ਕੀਤੇ ਹੋਏ ਹੋਣ। ਰੰਗਦਾਰ ਅਤੇ ਰੇਸ਼ਮੀ ਰੁਮਾਲਾਂ (ਪਟੋਲਿਆਂ) ਦਾ ਸਜਾਉਣਾ ਜ਼ਰੂਰੀ ਨਹੀਂ। ਖਾਸ ਕਰ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਵਾਲੇ ਰੁਮਾਲ ਅੱਗੇ ਅਤੇ ਉੱਤੇ ਸਜਾਉਣੇ ਮਹਾਂ ਮਨਿਮਤਿ ਵਿੱਚ ਦਾਖ਼ਲ ਹਨ।

(੪) ਸਿੰਘਾਸਨੀ ਰੁਮਾਲ ਸਿੱਧੇ ਸਾਫ਼ ਘਟ ਤੋਂ ਘਟ ਪੰਜ ਹੋਣੇ ਚਾਹੀਦੇ ਹਨ।

(੫) ਸੁਖਾਸਨੀ ਸਿੰਘਾਸਨ ਨਿਰਾਲੇ ਪੀੜ੍ਹੇ ਜਾਂ ਪਲੰਘ ਤੇ ਹੋਵੇ। ਹੇਠਾਂ ਗੁਦੈਲੇ ਜ਼ਰੂਰ ਵਿਛਾਏ ਜਾਣ ਅਤੇ ਉੱਪਰ ਚਾਨਣੀ ਜ਼ਰੂਰ ਹੋਵੇ।

(੬) ਕਿਸੇ ਅਲਮਾਰੀ ਵਿੱਚ ਤਾੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖਣਾ ਅਨਿੰਨਤਾ ਵਾਲੀ ਸਿੱਖੀ ਸਿਦਕ ਹੀਨਤਾ ਦੀ ਨਿਸ਼ਾਨੀ ਹੈ। ਜਿਸ ਗ਼ਰੀਬ ਦੇ ਗ੍ਰਿਹਿ ਵਿਖੇ ਵੱਖਰਾ ਕਮਰਾ ਸੁਖਾਸਨ ਵਾਲਾ ਤੇ ਪਲੰਘ, ਪੀੜ੍ਹਾ ਵਿਛਾਵਣ ਵਾਲਾ ਨਾ ਹੋਵੇ ਉਹ ਵਿਚਾਰੇ ਗ਼ਰੀਬ ਸਿੱਖ ਆਪਣੀ ਵਿਤ ਅਨੁਸਾਰ, ਪਰ ਪੂਰਨ ਅਦਬ ਸਨਮਾਨ ਨਾਲ ਅਲਮਾਰੀ ਦੇ ਖੁਲ੍ਹੇ ਖਾਨੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਜਮਾ ਸਕਦੇ ਹਨ। ਪਰ ਉਹ ਖੁਲ੍ਹਾ ਖਾਨਾ ਹੇਠਾਂ ਉੱਤੇ ਸਿੱਧੇ ਸਾਦੇ ਗ਼ਰੀਬੋ ਗ਼ਰੀਬੀ ਵਾਲੇ ਬਸਤਰਾਂ ਨਾਲ ਸ਼ਸ਼ੋਭਿਤ ਹੋਵੇ।

(੭) ਸੁਖਾਸਨ ਵਾਲੇ ਅਸਥਾਨ ਵਿਖੇ ਧੂਪ ਧੁਖਾਣੀ ਅਤੀ ਜ਼ਰੂਰੀ ਹੈ।

(੮) ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਗੁਰੂ ਸਾਹਿ-



www.AKJ.Org

ਬਾਨ ਦਾ ਆਤਮਕ ਸਰੂਪ, ਉਸ਼ਨ-ਸੀਤ ਅਤੇ ਖੁਧਿਆ ਤ੍ਰਿਖਾ ਤੋਂ ਨਿਰਾਲਮ ਅਤੇ ਨਿਰਲੇਪ ਹੈ। ਇਸ ਕਰਕੇ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੁਨਾਲੇ ਸਿਆਲੇ ਦੇ ਖਿਆਲ ਅਨੁਸਾਰ ਬਸਤ੍ਰ ਉਢਾਵਣੇ ਅਤੇ ਭੋਗ ਲੁਆਉਣਾ ਇਹ ਨਿਰੀ ਆਨਮਤੀਆਂ ਵਾਲੀ ਕਿਰਿਆ ਹੈ।

(੯) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰੂਪੀ ਦਰਬਾਰ ਵਿੱਚ ਜਾਂ ਸਿੰਘਾਸਨੀ ਅਸਥਾਨ ਉੱਤੇ ਦਸਾਂ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਅੱਗੇ ਪਿੱਛੇ ਰੱਖਕੇ ਸਜਾਵਨੀਆਂ ਨਿਰੀ ਮਨਿਮਤਿ ਹੈ।

(੧੦) ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੋਣ, ਉਸ ਦਰਬਾਰੀ ਕਮਰੇ ਨੂੰ ਭਲੀ ਭਾਂਤ ਸਫ਼ਾਈ ਸਹਿਤ ਸਜਾਵਣਾ ਅਤਿਅੰਤ ਜ਼ਰੂਰੀ ਹੈ ਅਤੇ ਦਰਬਾਰ ਵਿਖੇ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਚੌਰ ਕਰਨਾ ਵੀ ਪਰਮ ਸਨਮਾਨੀਕ ਅਤੇ ਅਦਬ ਪੂਰਤ ਹੈ; ਪ੍ਰੰਤੂ ਜਦ ਤਾਈਂ ਪਾਠੀ ਸਿੰਘ ਪਾਠ ਨਾ ਕਰੇ ਅਤੇ ਵਾਕ ਨਾ ਲਵੇ ਓਦੋਂ ਤਾਈਂ ਕੋਈ ਸਿੰਘ ਸੱਜਣ ਖੜਾ ਹੋ ਕੇ ਚੌਰ ਕਰਦਾ ਰਹੇ।

(੧੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਸਮੇਂ ਜਾਂ ਵਾਕ ਲੈਣ ਸਮੇਂ ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਉਹ ਪੰਜ ਇਸ਼ਨਾਨਾ ਕਰਕੇ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਇਸ ਪ੍ਰਕਾਰ ਬੈਠਣਾ ਪੂਰਨ ਅਦਬ ਸਨਮਾਨਤਾ ਦੀ ਨਿਸ਼ਾਨੀ ਹੈ। ਜੋ ਕਾਹਲੇ ਬਿਵਹਾਰੀ ਲੋਕ ਬਿਨਾਂ ਪੰਜ ਇਸ਼ਨਾਨਾ ਕੀਤੇ ਦੇ ਜੋੜਿਆਂ ਵਾਲੇ ਪੈਰਾਂ ਸਮੇਤ ਨਿਝੱਕ ਹੋ ਕੇ ਤਾਬੇ ਸਜ ਜਾਂਦੇ ਹਨ ਉਹ ਅਨਿੰਨ ਸ਼ਰਧਾ ਵਾਲੇ ਸਿੱਖ ਨਹੀਂ ਕਹਾ ਸਕਦੇ। ਇਹ ਬੜੀ ਭਾਰੀ ਬੇਅਦਬੀ ਹੈ। ਜੋ ਲੋਕ ਮੈਦਾਨੇ(ਪਾਖਾਨੇ)ਜਾਣ ਵਾਲੇ ਪਾਜਾਮੇ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਜਾ ਬੈਠਦੇ ਹਨ ਉਹ ਬੜੀ ਭਾਰੀ ਭੁਲ ਕਰਦੇ ਹਨ। ਸੱਚੀ ਸੁਚਿਆਰਤਾ ਇਹ ਹੈ ਕਿ ਪਾਜਾਮਾ ਲਾਹਕੇ ਅਤੇ ਪੰਜ ਇਸ਼ਨਾਨਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆ ਜਾਵੇ। ਜਿਨ੍ਹਾਂ ਲੋਕਾਂ ਦੇ ਤੇੜ ਕਛਹਿਰੇ ਨਹੀਂ ਹੁੰਦੇ ਜਾਂ ਅਟਪਟੇ ਕਛਹਿਰੇ (ਨਿੱਕਰਾਂ) ਪਾਏ ਹੁੰਦੇ ਹਨ ਉਹ ਆਪਣਾ ਪਾਜ ਉਖੜਨ ਤੋਂ ਡਰਦੇ ਅਕਸਰ ਪਾਜਾਮੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ।

(੧੨) ਮਾਈਆਂ ਬੀਬੀਆਂ ਲਈ ਇਹ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਣ ਸਮੇਂ ਅਣਲਗ ਸਲਵਾਰਾਂ ਪਜਾਮੇ ਪਾਕੇ ਬੈਠਣ, ਕਦੀ ਵੀ ਵਰਤੋਂ ਵਿਚ ਆਏ ਸੜੇ ਹੋਏ ਪਾਜਾਮੇ (ਸਲਵਾਰਾਂ) ਪਾ ਕੇ ਨਾ ਬੈਠਣ। ਉਹ ਜ਼ਰੂਰ ਪੈਰ ਧੋ ਕੇ ਬੈਠਣ, ਜੋ ਸਲਵਾਰ (ਪਾਜਾਮਾ) ਜੁੱਤੀ ਨਾਲ ਲੱਗ ਚੁਕਿਆ ਹੋਵੇ ਉਹ ਵੀ ਪਹਿਨ ਕੇ ਤਾਬੇ ਨਾ ਬੈਠਣ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸੂਛ ਸਲਵਾਰ ਪਾਜਾਮੇ ਦਾ ਪਹਿਰਾਵਾ ਗੁਰੂ ਦਰਬਾਰੀ ਪੁਸ਼ਾਕ ਵਿੱਚ ਸ਼ਾਮਲ ਹੈ। ਇਹੋ ਕਾਰਨ ਹੈ ਕਿ ਅਸੀਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਕਟੀ ਸੇਵਾਦਾਰਾਂ ਨੂੰ ਪਾਜਾਮੇ ਸਜਾਏ ਵੇਖਦੇ ਹਾਂ, ਪ੍ਰੰਤੂ ਇਹ ਗੱਲ ਵਿੱਦਿਤ ਰਹੇ ਕਿ ਉਨ੍ਹਾਂ ਦੇ ਇਸ ਸੇਵਾ, ਨਿਕਟਤਾ ਨਮਿੱਤ ਸਜਾਏ ਹੋਏ ਪਾਜਾਮੇ ਖ਼ਾਸ ਰੱਖੇ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਉਹ ਸਿਰਫ ਉਸ ਸੇਵਾ ਸਮੇਂ ਹੀ ਸਜਾਉਂਦੇ ਹਨ, ਆਮ ਖ਼ਾਸ ਵਰਤੋਂ ਵਿਚ ਨਹੀਂ ਲਿਆਉਂਦੇ ਜੋ ਨਿਕਟੀ ਸੇਵਾਦਾਰ ਇਸ ਅਦਬ ਸਨਮਾਨਤਾ*


www.AKJ.Org

# ਕੀਰਤਨ ਸਮਾਗਮ ਤੇ ਬਿਬੇਕੀ ਲੰਗਰ

(ਵਲੋਂ—ਇਕ ਗੁਰਮਤਿ ਖੋਜੀ)

ਸਤਿਗੁਰੂ ਦੀ ਅਪਾਰ ਕਿਰਪਾ ਦੁਆਰਾ ਸਮੂੰਹ ਭਾਰਤ ਵਿਚ ਅਖੰਡ, ਕੀਰਤਨ ਜਥਿਆਂ ਵਲੋਂ ਕੀਰਤਨ ਸਮਾਗਮ ਹੁੰਦੇ ਹੀ ਰਹਿੰਦੇ ਹਨ। ਇਸ ਘੋਰ ਕਲਜੁਗ ਵਿਚ ਕੀਰਤਨੀ ਹੀ ਇਕ ਸਾਧਨ ਹੈ, ਜੋ ਸਾਡੇ ਹਿਰਦਿਆਂ ਨੂੰ ਨਾਮ ਜਪਣ ਲਈ ਗੁਰਬਾਣੀ ਵਿਚ ਸਾਹਿਤ ਪੜ੍ਹਨ ਲਈ ਪ੍ਰੇਰ ਸਕਦਾ ਹੈ। ਪਿਆਰੇ ਸਤਿਗੁਰੂ ਦਾ ਹੁਕਮ ਵੀ ਹੈ—

ਕਲਜੁਗ ਮਹਿ ਕੀਰਤਨ ਪਰਧਾਨਾ।
ਗੁਰਮੁਖ ਜਪੀਐ ਲਾਇ ਧਿਆਨਾ॥

ਕੋਟਾਨ ਕੋਟ ਸ਼ੁਕਰ ਹੈ, ਸਤਿਗੁਰੂ ਪਿਆਰੇ ਦਾ, ਜਿਸ ਨੇ 'ਸੋਨੇ ਦੀ ਚਿੜੀ' ਵਰਗੀ ਨਾਮ ਰਤੀ ਰੂਹ ਵੀਹਵੀਂ ਸਦੀ ਵਿਚ ਭੇਜ ਕੇ ਸਮੂੰਹ ਭਾਰਤ ਵਿਚ ਅਖੰਡ-ਕੀਰਤਨ ਅਤੇ ਨਿਸ਼ਕਾਮ ਕੀਰਤਨ†

---

*ਪੂਰਤ ਧਾਰਨਾ ਨੂੰ ਨਹੀਂ ਧਾਰਦਾ ਉਹ ਗੁਰੂ ਸਾਹਿਬ ਦਾ ਪੂਰਾ ਦੇਣਦਾਰ ਹੁੰਦਾ ਹੈ। ਤਿਨ੍ਹਾਂ ਗੁਰੂ ਦਰਬਾਰੀ ਨਿਕਟੀ ਸੇਵਾਦਾਰਾਂ ਦੀ ਰੀਸੇ ਜੋ ਪੁਰਸ਼ ਨਿਝੱਕ ਹੋ ਕੇ ਹਰ ਪ੍ਰਕਾਰ ਦਾ ਮੈਲਾ ਕੁਚੈਲਾ ਪਾਜਾਮਾ ਪਾ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਾਬੇ ਜਾ ਬੈਠਦੇ ਹਨ ਉਹ ਲੋਕ ਅਦਬ ਸਨਮਾਨਤਾ ਵਾਲੀ ਰਹਿਤ ਰਹਿਣੀ ਤੋਂ ਉੱਕੇ ਹੀ ਦਚਿੰਤ ਹਨ। ਤਿਨ੍ਹਾਂ ਦੀ ਅਨਿੰਨ ਭਗਤੀ ਕੀਤੀ ਹੋਈ ਕਦੇ ਵੀ ਪੂਰਨ ਤੌਰ ਤੇ ਫਲਦਾਇਕ ਨਹੀਂ ਹੁੰਦੀ। ਕਈ ਨਾਮਧਰੀਕ ਨਿਰਭੈ ਸਿੱਖ ਅਸੀਂ ਐਸੇ ਵੀ ਡਿੱਠੇ ਹਨ ਜੋ ਸੜੇ ਹੋਏ ਪਾਜਾਮੇ ਅਤੇ ਸੜੀਆਂ ਹੋਈਆਂ ਜੁਰਾਬਾਂ ਵਾਲੇ ਪੈਰਾਂ ਸਮੇਤ ਹੀ ਸ੍ਰੀ ਗੁਰੂ ਗ੍ਰੰਥ ਜੀ ਸਾਹਿਬ ਦੀ ਤਾਬੇ ਜਾਂ ਬੈਠਦੇ ਹਨ ਅਤੇ ਨਿਰਭੈ ਹੋ ਕੇ ਪਾਠ ਕਰਨ ਲਗ ਪੈਂਦੇ ਹਨ। ਉਨ੍ਹਾਂ ਦੇ ਪੈਰਾਂ ਵਿਚ ਪਾਏ ਬੂਟਾਂ ਤੋਂ ਅਤੇ ਬੂਟਾਂ ਵਾਲੀਆਂ ਜੁਰਾਬਾਂ ਤੋਂ ਸੜੇ ਹੋਏ ਚਮੜੇ ਦਾ ਮੁਸ਼ਕ ਆਉਂਦਾ ਹੈ। ਫੇਰ ਵੀ ਉਹ ਇਸ ਤਰ੍ਹਾਂ ਤਾਬੇ ਬੈਠਣ ਸਮੇਂ ਪ੍ਰਵਾਹ ਨਹੀਂ ਕਰਦੇ ਉਂਜ ਉਹ ਗੁਰਦਰਸ਼ਨਾਂ ਦੇ ਪੱਕੇ ਨੇਮੀ ਪ੍ਰੇਮੀ ਆਪਣੇ ਆਪ ਨੂੰ ਜ਼ਾਹਰ ਕਰਦੇ ਹਨ ਅਤੇ ਬੜੇ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਗੁਰੂ ਗਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਉੱਕਾ ਹੀ ਅੰਨ-ਜਲ ਪਾਨ ਨਹੀਂ ਕਰਦੇ ਅਤੇ ਨਾ ਹੀ ਕਿਸੇ ਕੰਮ ਨੂੰ ਹੱਥ ਲ਼ਾਉਂਦੇ ਹਾਂ। ਅਸੀਂ ਉਨ੍ਹਾਂ ਦੀ ਇਸ ਨੇਮ ਭਰੀ ਨਿੰਮਰਤਾ ਤੋਂ ਕੁਰਬਾਨ ਜਾਂਦੇ ਹਾਂ ਕਾਸ਼! ਕਿ ਉਹ ਉਪਰ ਦੱਸੀ ਸ਼ਰਧਾ ਸਨਮਾਨਤਾ ਦੇ ਵੀ ਧਾਰਨੀ ਹੋਣ।



www.AKJ.org

ਦਾ ਹੜ੍ਹ ਚਲਾ ਦਿਤਾ ਹੈ, ਜਿਸ ਦੀਆਂ ਪਾਈਆਂ ਹੋਈਆਂ ਗੂੰਜਾਂ ਨੇ ਪੱਥਰ ਜਿਹੇ ਕਠੋਰ ਹਿਰਦਿਆਂ ਨੂੰ ਨਾਮ ਜਪਣ ਲਈ ਪਰੇਰਿਆ ਹੈ।

ਕੀਰਤਨ ਦੀਆਂ ਧੁੰਨੀਆਂ ਦੇ ਨਾਲ ਬਿਬੇਕੀ ਲੰਗਰ ਦੀ ਮਰਯਾਦਾ ਨੂੰ ਕਾਇਮ ਰਖਣਾ ਵੀ ਏਸੇ ਰੂਹ ਦਾ ਹੀ ਚਮਤਕਾਰ ਹੈ। ਆਮ ਹੋਰ ਸੰਸਥਾਵਾਂ ਤੇ ਵਡੇ ਵਡੇ ਧਾਰਮਿਕ ਅਦਾਰਿਆਂ ਵਿਚ ਦੇਖਣ ਵਿਚ ਆ ਰਿਹਾ ਹੈ ਕਿ ਲੰਗਰ ਦੀ ਮਰਯਾਦਾ ਤੇ ਪਵਿਤਰਤਾ ਨੂੰ ਘੱਟ ਹੀ ਮਹਾਨਤਾ ਦਿਤੀ ਜਾਂਦੀ ਹੈ। ਭਾਵੇਂ ਕਈ ਥਾਵਾਂ ਤੇ ਬਾਹਰ ਲਿਖਿਆ ਹੁੰਦਾ ਹੈ ਕਿ ਲੰਗਰ ਵਿਚ ਤਿਆਰ ਬਰ-ਤਿਆਰ ਸਿੰਘ ਜਾਂ ਬੀਬੀ ਹੀ ਸੇਵਾ ਕਰ ਸਕਦੀ ਹੈ। ਪਰ ਇਸ ਅਸੂਲ ਉਤੇ ਅਮਲ ਵਿਰਲਾ ਵਾਂਝਾ ਹੀ ਹੁੰਦਾ ਹੈ। ਲੰਗਰ ਪਕਾਉਣ ਵੇਲੇ, ਲੋਕ ਲਾਜ ਜਾਂ ਲਿਹਾਜ਼ ਖੋਰੀ ਨੂੰ ਹੀ ਮੁਖ ਰਖਿਆ ਜਾਂਦਾ ਹੈ। ਏਸੇ ਮਰਯਾਦਾ ਦੀ ਘਾਟ ਕਰਕੇ ਸਾਡੇ ਲੰਗਰਾਂ ਵਿਚੋਂ ਪਵਿਤਰਤਾ ਉਡ ਰਹੀ ਹੈ, ਬਰਕਤਾਂ ਘਟ ਰਹੀਆਂ ਹਨ, ਮਰਯਾਦਾ ਹੀਣ ਲੰਗਰ ਖਾਕੇ ਸਾਡਾ ਮਨ ਪਿਆਰੇ ਦੇ ਨਾਮ ਵਿਚ ਨਹੀਂ ਜੁੜਦਾ। ਗੁਰੂ ਦਸਮੇਸ਼ ਜੀ ਦਾ ਇਹ ਹੁਕਮ ਪ੍ਰਤਖ ਹੋ ਰਿਹਾ ਹੈ—

ਜਬ ਇਹ ਗਹੇ ਬਿਪਰਨ ਕੀ ਰੀਤ।
ਮੈ ਨ ਕਰੋਂ ਇਨ ਕੀ ਪਰਤੀਤ॥

(ਖਾਲਸਾ ਰਹਿਤਨਾਮਾ ਪਾ:੧੦)

ਪਰ ਇਹ ਅਖੰਡ-ਕੀਰਤਨੀ ਜਥਾ ਪਿਛਲੇ ਸਠ ਸਾਲਾਂ ਤੋਂ ਲੰਗਰ ਦੀ ਸਰਬ-ਲੋਹੀ ਮਰਯਾਦਾ ਨੂੰ ਕਾਇਮ ਰਖਦਾ ਆ ਰਿਹਾ ਹੈ। ਭਾਵੇਂ ਸਰਬ-ਲੋਹੀ ਬਿਬੇਕੀ ਸਿੰਘ ਵਿਰਲੇ ਹੀ ਹਨ ਅਤੇ ਵਿਰਲੇ ਹੀ ਰਹਿਣੇ ਹਨ, ਪਰ ਸਰਬ ਲੋਹ ਦੀ ਮਰਯਾਦਾ ਨੂੰ ਕਾਇਮ ਰਖਣਾ ਗੁਰੂ ਦਸਮੇਸ਼ ਜੀ ਦੀ ਨਿਰਾਲੀ ਤੇ ਉੱਚੀ ਸੁੱਚੀ ਮਰਯਾਦਾ ਨੂੰ ਕਾਇਮ ਰਖਣਾ ਹੈ।

ਵਡੇ ਵਡੇ ਸਮਾਗਮਾਂ ਵਿਚ ਭਾਵੇਂ ਏਸ ਮਰਯਾਦਾ ਨੂੰ ਕਾਇਮ ਰਖਿਆ ਜਾ ਰਿਹਾ ਹੈ, ਪਰ ਕਈ ਛੋਟੇ ਅਤੇ ਲੋਕਲ ਸਮਾਗਮਾਂ ਵਿਚ ਏਸ ਬਿਬੇਕ ਦੀ ਮਰਯਾਦਾ ਨੂੰ ਅਖੋਂ ਓਹਲੇ ਕਰ ਦਿਤਾ ਜਾਂਦਾ ਹੈ, ਜਿਸ ਦੇ ਸਿਟੇ ਵਜੋਂ ਅਜਿਹੀ ਥਾਵਾਂ ਤੇ ਸਰਬ ਲੋਹੀ ਬਿਬੇਕੀ ਸਿੰਘ ਓਪਰੇ ਜਾਪਦੇ ਹਨ। ਸੁਖ-ਰਹਿਣੇ ਤੇ ਢਿੱਲੜ ਸਿਖ ਗਿਣਤੀ ਵਿਚ ਬਹੁਤੇ ਹੋਣ ਕਰਕੇ ਛਕ-ਛਕਾ ਕੇ ਤੁਰਦੇ ਬਣਦੇ ਹਨ ਤੇ ਸਰਬ ਲੋਹੀਏ ਸਿੰਘਾਂ ਨੂੰ ਬਹੁਤੀ ਵਾਰੀ ਸਰਬ-ਲੋਹੀਏ ਬਣ ਕੇ ਹੀ ਰਹਿਣਾ ਪੈਂਦਾ ਹੈ। ਅਜਿਹੀਆਂ ਥਾਵਾਂ ਤੇ ਸਿੰਘਾਂ ਨੂੰ ਸਾਵਧਾਨ ਹੋਣ ਦੀ ਲੋੜ ਹੈ।

ਮੇਰੇ ਖਿਆਲ ਵਿਚ ਇਸ ਪਰੇਮ ਅਖਾੜੇ ਦੇ ਪਰੇਮੀਆਂ ਨੂੰ ਹੇਠ ਲਿਖੇ ਕਾਰਨਾਂ ਕਰਕੇ ਹਰ ਨਿਕੇ ਵਡੇ ਕੀਰਤਨ ਸਮਾਗਮ ਉਤੇ ਬਿਬੇਕ ਦੀ ਮਰਯਾਦਾ ਨੂੰ ਕਾਇਮ ਰਖਣਾ ਚਾਹੀਦਾ ਹੈ। ਪਹਿਲੀ ਗਲ ਗੁਰੂ ਦਸਮੇਸ਼ ਜੀ ਦਾ ਹੁਕਮ ਅੰਮ੍ਰਿਤ ਛਕਾਉਣ ਵੇਲੇ (ਹੋਰ ਹੁਕਮਾਂ ਦੇ ਨਾਲ) ਇਹ ਦ੍ਰਿੜਾਇਆ ਜਾਂਦਾ ਹੈ ਕਿ ਗੁਰੂ ਕਾ ਸਿਖ ਰੋਟੀ ਬੇਟੀ ਦੀ ਸਾਂਝ ਗੁਰਸਿੱਖਾਂ ਨਾਲ ਰਖੇ। ਇਹ ਹੁਕਮ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਬੋਰਡ ਤੇ ਵੀ ਲਿਖਿਆ ਹੈ ਭਾਵੇਂ ਉਥੋਂ ਦੇ ਸੇਵਾਦਾਰ (ਕਿ ਰੋਟੀ ਦੀ ਸਾਂਝ ਕੇਵਲ ਗੁਰਸਿਖਾਂ ਨਾਲ ਰਖਣੀ ਹੈ) ਇਸ ਨੂੰ ਅਮਲ ਵਿਚ ਨਹੀਂ ਲਿਆਉਂਦੇ ਅਤੇ ਆਮ ਹੋਟਲਾਂ ਤੇ ਛਕਦੇ ਛਕਾਉਂਦੇ ਦੇਖੇ ਗਏ ਹਨ। ਇਸ ਅਖੰਡ


www.AKJ.Org

ਕੀਰਤਨੀ ਜਥੇ ਦੇ ਪ੍ਰੇਮੀਆਂ ਦਾ ਫ਼ਰਜ਼ ਹੈ ਕਿ ਗੁਰੂ ਜੀ ਦੇ ਇਸ ਹੁਕਮ ਨੂੰ ਘਟ ਤੋਂ ਘਟ ਕੀਰਤਨ ਸਮਾਗਮਾਂ ਵਿਚ ਤਾਂ ਅਮਲ ਵਿਚ ਲਿਆਈ ਰਖਣੇ।

ਦੂਸਰੀ ਗਲ-ਗੁਰਬਾਣੀ ਵਿਚ ਕਈ ਥਾਵਾਂ ਤੇ ਅਜਿਹੇ ਪ੍ਰਮਾਣ ਆਉਂਦੇ ਹਨ ਕਿ ਖਾਧਾ ਪੀਤਾ ਕੇਵਲ ਗੁਰਸਿਖਾਂ ਦਾ ਹੀ ਸਫਲ ਹੈ, ਬਾਕੀ ਦੁਨੀਆਂ ਤਾਂ ਪਸ਼ੂ ਦੀ ਨਿਆਈਂ ਢਿੱਡ ਹੀ ਭਰਦੀ ਹੈ ਤੇ ਉਨ੍ਹਾਂ ਦਾ ਖਾਧਾ ਸਭ ਹਰਾਮ ਹੈ। ਗੁਰਬਾਣੀ ਦੀ ਲਾਈਟ ਵਿਚ ਆਮ ਸੰਸਾਰੀ ਜ਼ੀਵਨ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਇਹ ਸਭ ਕੁਝ ਸਪਸ਼ਟ ਹੋ ਜਾਵੇਗਾ। ਅਜਿਹੀ ਕਲਜੁਗੀ ਅਵਸਥਾ ਵਿਚ ਇਹ ਅਖੰਡ ਕੀਰਤਨੀ ਜਥਾ ਦੋ ਪਰਉਪਕਾਰ ਕਰ ਰਿਹਾ ਹੈ, ਇਕ ਕਲਜੁਗੀ ਜੀਵਾਂ ਦੇ ਕਠੋਰ ਹਿਰਦਿਆਂ ਵਿਚ ਨਾਮ ਬਾਣੀ ਦਾ ਸੱਚਾ ਪਰਕਾਸ਼ ਕਰ ਰਿਹਾ ਹੈ। ਦੂਸਰੇ ਦੁਨੀਆਵੀ ਵਸਤੂਆਂ ਨੂੰ ਅੰਮ੍ਰਿਤ-ਮਈ ਬਣਾਕੇ ਛਕਾ ਰਿਹਾ ਹੈ।

ਤੀਸਰੀ ਗਲ-ਇਹ ਮੰਨੀ ਪ੍ਰਮੰਨੀ ਸਚਾਈ ਹੈ ਕਿ ਖੁਰਾਕ ਦਾ ਸਾਡੀ ਮਾਨਸਿਕ ਅਵਸਥਾ ਤੇ ਬਹੁਤ ਅਸਰ ਹੁੰਦਾ ਹੈ। ਜੇ ਅੰਮ੍ਰਿਤਧਾਰੀ ਵਿਅਕਤੀ ਕੇਵਲ ਅੰਮ੍ਰਿਤਧਾਰੀਆਂ ਤੋਂ ਹੀ ਪ੍ਰਸ਼ਾਦ-ਪਾਣੀ ਛਕਣ ਤਾਂ ਉਨ੍ਹਾਂ ਦਾ ਮਨ ਨਾਮ ਬਾਣੀ ਦੇ ਅਭਿਆਸ ਵਿਚ ਵਧੇਰੇ ਲਗਦਾ ਹੈ, ਕਿਉਂਕਿ ਉਹ ਬੇਟੀ ਦੇ ਨਾਲ ਰੋਟੀ ਦੀ ਸਾਂਝ ਵੀ ਗੁਰਸਿਖਾਂ ਨਾਲ ਰਖਦੇ ਹਨ। ਇਹ ਮਰਯਾਦਾ ਰਖਣ ਨਾਲ ਤਤ ਗੁਰਮਤਿ ਕਾਇਮ ਰਹਿੰਦੀ ਹੈ।

ਚੌਥੀ ਗੱਲ, ਇਸ ਬਿਬੇਕ ਦੀ ਮਰਯਾਦਾ ਨਾਲ ਜਿਥੇ ਗੁਰੂ ਮਹਾਰਾਜ ਦਾ ਤੇਜ ਗੁਰਸਿਖਾਂ ਵਿਚ ਵਰਤਦਾ ਹੈ, ਉਥੇ ਨਾਲ ਹੀ ਜਥਿਆਂ ਨਾਲੋਂ ਵਿਸ਼ੇਸ਼ਤਾ ਤੇ ਨਿਰਾਲਾਪਨ ਵੀ ਕਾਇਮ ਰਹਿੰਦਾ ਹੈ।

ਪੰਜਵੀਂ ਗਲ—ਗੁਰੂ ਮਹਾਰਾਜ ਦਾ ਹੁਕਮ ਹੈ—

"ਹਰਿ ਮੰਦਰ ਇਹੋ ਸਰੀਰ ਹੈ"

ਇਸ ਗੁਰਵਾਕ ਵਿਚ ਉਚੇ ਜੀਵਨ ਬਣਾਉਣ ਦੇ ਗੁਝੇ ਭੇਦ ਹਨ। ਇਸ ਗੁਰਵਾਕ ਦੀ ਪੂਰੀ ਵਿਆਖਿਆ ਤਾਂ ਬਹੁਤ ਲੰਬੇਰੀ ਹੋ ਸਕਦੀ ਹੈ, ਪਰ ਥੋੜੇ ਸ਼ਬਦਾਂ ਵਿਚ ਕਿ ਜੇ ਇਹ ਪੰਜ ਭੂਤਕ ਸਰੀਰ ਹੀ ਹਰੀ ਦਾ ਮੰਦਰ ਹੈ, ਤਾਂ ਅੰਮ੍ਰਿਤ ਛਕਣ ਤੋਂ ਪਿਛੋਂ ਇਹ ਸਰੀਰ ਤਾਂ ਹੀ ਹਰੀਮੰਦਰ ਰਹਿ ਸਕਦਾ ਹੈ, ਜੇ ਇਸ ਦੇ ਮੂੰਹ ਵਿਚ ਪੈਣ ਵਾਲੇ ,ਪਦਾਰਥ ਹਰੀ ਜਨਾਂ ਦੇ (ਤਿਆਰ-ਬਰ-ਤਿਆਰ) ਸਿੰਘਾਂ ਸਿੰਘਣੀਆਂ ਦੇ ਤਿਆਰ ਕੀਤੇ ਹੀ ਪਾਏ ਜਾਣ। ਕਹੇ-ਪਿਲੇ ਤੇ ਸੁਖ-ਰਹਿਣੀਏ ਸਿਖਾਂ ਤੋਂ ਪ੍ਰਸ਼ਾਦ-ਪਾਣੀ ਛਕਣ ਨਾਲ ਕੀ ਇਹ ਸਰੀਰ ਹਰੀ ਦਾ ਮੰਦਰ ਬਣਿਆ ਰਹਿ ਸਕਦਾ ਹੈ? ਤੇ ਕੀ ਇਹ ਜ਼ਰੂਰੀ ਨਹੀਂ ਕਿ ਜਿਥੇ ਹਰੀ ਜਸ ਦੀਆਂ ਘੁੰਮਰਾਂ ਪੈਣੀਆਂ ਹੋਣ, ਨਿਸ਼ਕਾਮ, ਅਖੰਡ ਕੀਰਤਨ ਹੋਣੇ ਹੋਣ, ਉਥੇ ਲੰਗਰ ਵੀ ਸਰਬ-ਲੋਹ ਬਿਬੇਕ ਦਾ ਜ਼ਰੂਰ ਹੋਵੇ, ਤਾਂ ਹੀ ਹਰੀ ਜਨਾਂ ਦੇ ਸਰੀਰ ਹਰੀ ਮੰਦਰ ਬਣਕੇ ਕੀਰਤਨ ਵਿਚ ਲੋਟ ਪੋਟ ਹੋ ਸਕਦੇ ਹਨ। ਉਪਰੋਕਤ ਵਿਚਾਰ ਨੂੰ ਮੁਖ ਰਖਦਿਆਂ ਹੋਇਆਂ ਇਸ ਪਰਉਪਕਾਰੀ ਪ੍ਰੇਮ ਅਖਾੜੇ ਦੇ ਹਰ ਵਿਅਕਤੀ ਦਾ ਫਰਜ਼ ਹੈ ਕਿ ਉਹ ਕੀਰਤਨ ਸਮਾਗਮਾਂ ਵਿਚ ਸਰਬਲੋਹੀ ਲੰਗਰ ਦੀ ਮਰਯਾਦਾ ਨੂੰ ਹਰ ਹਾਲਤ ਵਿਚ ਕਾਇਮ ਰਖਣ ਦਾ ਉਪਰਾਲਾ ਕਰੇ, ਤਾਂ ਹੀ ਕਲਜੁਗੀ ਨੌਜਵਾਨ, ਬਚੇ ਬੱਚੀਆਂ ਦੇ ਮਨ ਇਸ ਪ੍ਰੇਮ ਅਖਾੜੇ ਵਲ ਨੂੰ ਖਿਚੇ ਜਾਣਗੇ ਅਤੇ ਤਤ-ਗੁਰਮਤਿ ਪਾਉਣ ਲਈ ਉਤਸ਼ਾਹਤ ਹੋਣਗੇ।


www.AKJ.org

# ਝਾੜੀ ਉਤੇ ਲਾਲ ਕਪੜਾ

(ਵਲੋਂ—ਭਾਈ ਮਨਮੋਹਣ ਸਿੰਘ ਜੀ M.Sc. ਜੈਪੁਰ)

"ਮੇਰੇ ਮਨ ਦੀ ਅਵਸਥਾ ਇਸ ਤਰਾਂ ਦੀ ਹੈ ਕਿ ਜੇ ਇਥੋਂ ਲੈ ਕੇ ਉਸ ਥਾਂ ਤਕ (ਇਸ਼ਾਰਾ ਕਰਕੇ) ਸਾਰੇ ਰਸਤੇ ਵਿਚ ਸੋਨੇ ਦੀਆਂ ਮੋਹਰਾਂ, ਹੀਰੇ, ਜਵਾਹਰਾਤ ਆਦਿ ਵਿਛੇ ਹੋਣ ਅਤੇ ਮੈਨੂੰ ਉਸ ਉਤੋਂ ਜਾਣਾ ਪਵੇ ਤਾਂ ਮੈਂ ਇਸ ਤਰਾਂ ਅਡੋਲ ਲੰਘ ਸਕਦਾ ਹਾਂ ਜਿਵੇਂ ਕਿਸੇ ਆਮ ਮਿਟੀ ਦੇ ਰਾਹ ਤੋਂ ਲੰਘ ਰਿਹਾ ਹਾਂ। ਪ੍ਰਮਾਤਮਾ ਦੀ ਮੇਹਰ ਨਾਲ ਸੋਨਾ, ਚਾਂਦੀ ਆਦਿ ਮੇਰੇ ਮਨ ਨੂੰ ਕੋਈ ਖਿਚ ਨਹੀਂ ਪਾ ਸਕਦੇ। ਪਰ ਜੰਗਲ ਵਿਚ ਜਾਂਦਿਆਂ ਕਿਸੇ ਝਾੜੀ ਤੇ ਲਾਲ ਕਪੜਾ ਖਿਲਰਿਆ ਤਕ ਕੇ ਨਿਗਾਹ ਉਸ ਵਲ ਖਿਚੀ ਜਾਣ ਦੀ ਸੰਭਾਵਨਾ ਸਦਾ ਰਹਿੰਦੀ ਹੈ ਕਿ ਕਿਤੇ ਕੋਈ ਔਰਤ ਤਾਂ ਨਹੀਂ ? ਭਾਵ ਇਹ ਕਿ ਅਜ ਤਕ ਮੇਰਾ ਮਨ ਔਰਤ ਦੀ ਖਿੱਚ ਨੂੰ ਨਹੀਂ ਜਿਤ ਸਕਿਆ।

ਕੁਛ ਇਸ ਤਰਾਂ ਦੇ ਅਖਰ ਸਨ ਇਕ ਉਘੇ ਸਾਧ ਜੀ ਦੇ ਜਿਨਾਂ ਆਪਣੇ ਨੂੰ ਸਾਧਨਾ ਦੀ ਖਾਤਰ ਘਾਲਾਂ ਘਾਲਦਿਆਂ ਉਮਰਾਂ ਬਿਤਾ ਦਿਤੀਆਂ ਸਨ ਤੇ ਉਨ੍ਹਾਂ ਦੇ ਕੇਸ ਚਿਟੇ ਹੋ ਚੁਕੇ ਸਨ। ਹਰਦੁਆਰ ਕੁੰਭ ਦੇ ਕਿਸੇ ਮੇਲੇ ਤੇ ਜੁੜੇ ਸਾਧੂਆਂ ਦੀ ਇਕ ਬੈਠਕ ਵਿਚ ਜਿਥੇ ਸਭ ਸਾਧੂ ਆਪ ਆਪਣੇ ਮਨ ਦੀ ਅਵਸਥਾ ਦਸ ਰਹੇ ਸਨ, ਉਥੇ ਇਸ ਬਜ਼ੁਰਗ ਹਸਤੀ ਨੇ ਆਪਣੇ ਮਨ ਦੀ ਇਸ ਕਮਜ਼ੋਰੀ ਨੂੰ ਨਿਰਸੰਕੋਚ ਪ੍ਰਗਟ ਕੀਤਾ।

ਸਚਮੁਚ ਇਹ ਲਾਲ ਕਪੜਾ ਇਕ ਲਾਲ ਬਣਕੇ ਖਤਰੇ ਦੀ ਨਿਸ਼ਾਨੀ ਦੇ ਰੂਪ ਵਿਚ ਸਭ ਭੰਡੀ ਸ੍ਰਿਸ਼ਟੀ ਨੂੰ ਡਰਾ ਰਿਹਾ ਹੈ। ਮਾਇਆ ਦੇ ਹੋਰ ਸਰੂਪਾਂ ਨਾਲੋਂ (ਹੀਰੇ, ਜਵਾਹਰਾਤ ਆਦਿ) ਕਾਮ ਜਾਂ ਕਾਮਣੀ ਦਾ ਸਰੂਪ ਮਹਾਨ ਪ੍ਰਬਲ ਹੈ। ਉਂਜ ਤਾਂ ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਇਹ ਪੰਜੇ ਦੂਤ ਮਹਾਂਬਲੀ ਹਨ ਅਤੇ ਸਾਰੀ ਸ੍ਰਿਸ਼ਟੀ ਨੂੰ ਗ੍ਰਸ ਰਹੇ ਹਨ ਪਰ ਕਾਮ ਸਭ ਤੋਂ ਮੁਖੀ ਤੇ ਮਹਾਨ ਪ੍ਰਬਲ ਭਾਸਦਾ ਹੈ। ਇਸੇ ਲਈ ਪੰਜਾਂ ਵਿਕਾਰਾਂ ਦਾ ਨਾਮ ਲੈਣ ਲਗਿਆਂ ਸਭ ਤੋਂ ਪਹਿਲੇ ਇਸੇ ਦਾ ਨਾਮ ਲਿਆ ਜਾਂਦਾ ਹੈ। ਏਸ ਕਲਿਜੁਗ ਦੇ ਅਨ੍ਹੇਰੇ ਕਾਲ ਵਿਚ ਤਾਂ ਇਸ ਦਾ ਬੋਲ ਬਾਲਾ ਇਤਨਾ ਹੈ ਕਿ ਜਿਸ ਪਾਸੇ ਵੇਖੋ ਇਸੇ ਦਾ ਰਾਜ ਹੈ। ਪੁਰਾਤਨ ਜੁਗਾਂ ਵਿਚ ਵੀ ਇਸ ਦੀ ਮਹਾਨਤਾ ਬਹੁਤ ਸੀ। ਲੜਾਈ ਦੇ ਤਿੰਨ ਮੁਢਲੇ ਕਾਰਨ—ਜ਼ਰ, ਜੋਰੂ ਤੇ ਜ਼ਮੀਨ ਗਿਣੇ ਜਾਂਦੇ ਸਨ ਅਤੇ ਜੋਰੂ (ਭਾਵ ਕਾਮਣੀ ਇਸਤਰੀ) ਇਨਾਂ ਤਿਨਾਂ ਵਿਚ ਵੀ ਸ਼ਾਮਲ ਹੈ। ਪੁਰਾਣਾ ਦੀਆਂ ਕਥਾਵਾਂ ਵਿਚ ਇਹ ਆਮ ਜ਼ਿਕਰ ਆਉਂਦਾ ਹੈ ਕਿ ਜਦੋਂ ਕੋਈ ਪ੍ਰਭੂ ਦਾ ਭਗਤ


www.AKJ.Org

ਆਪਣੇ ਜਪ, ਤਪ ਨਾਲ ਇਤਨਾ ਉਚਾ ਹੋ ਜਾਂਦਾ ਸੀ ਕਿ ਇੰਦਰ ਨੂੰ ਵੀ ਆਪਣੇ ਸਵਰਗੀ ਰਾਜ ਦੇ ਖੁਸਣ ਦਾ ਡਰ ਪੈ ਜਾਵੇ ਤਾਂ ਸੁੰਦਰ ਇਸਤਰੀਆਂ-ਨਾਚੀਆਂ ਨੂੰ ਘਲ ਕੇ ਉਸ ਤਪੀ ਦੇ ਤਪ ਨੂੰ ਭੰਗ ਕਰਨਾ, ਉਸ ਦੇ ਸਾਧੇ ਹੋਏ ਮਨ ਨੂੰ ਮਲੀਨ ਕਰਨਾ ਇੰਦਰ ਦਾ ਅਖੀਰਲਾ ਹਥਿਆਰ ਹੋਇਆ ਕਰਦਾ ਸੀ। ਇਸ ਤਰਾਂ ਸੈਂਕੜੇ ਸਾਲਾਂ ਦੀ ਘਾਲ ਕਮਾਈ ਛਿਨ ਵਿਚ ਨਸ਼ਟ ਹੋ ਜਾਂਦੀ ਸੀ, ਇਸ ਕਾਮ ਤੇ ਕਾਮਨੀ ਦੇ ਪ੍ਰਭਾਵ ਹੇਠ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸਿੰਗਲਾ ਦੀਪ (ਲੰਕਾ) ਦੇ ਰਾਜੇ ਦੀਆਂ ਅਰਦਾਸਾਂ ਸੁਣਕੇ ਉਸ ਦੇ ਉਧਾਰ ਹਿਤ, ਉਸਦੇ ਸੁਕੇ ਬਾਗ ਨੂੰ ਆਪਣੀ ਚਰਨ ਛੁਹ ਨਾਲ ਹਰਾ ਭਰਾ ਕਰ ਦਿੰਦੇ ਹਨ ਤਾਂ ਇਸ ਨਾਲ ਵੀ ਰਾਜੇ ਦੇ ਮਨ ਨੂੰ ਤਸਲੀ ਨਾ ਹੋਈ--ਕਿ ਸ਼ਾਇਦ ਅਗੇ ਦੀ ਤਰਾਂ ਕੋਈ ਹੋਰ ਕਰਾਮਾਤੀ ਸਾਧੂ ਹੀ ਨਾਨਕ ਦੇ ਨਾਮ ਹੇਠ ਪਖੰਡ ਨਾ ਕਰ ਰਿਹਾ ਹੋਵੇ। ਉਸ ਵੇਲੇ ਅਖੀਰਲਾ ਪਰਚਾ ਜੋ ਰਾਜੇ ਨੇ ਆਪਣੇ ਮਨ ਦੀ ਤਸਲੀ ਲਈ ਸਚੇ ਸਤਿਗੁਰੂ ਜੀ ਤੇ ਪਾਇਆ ਉਹ ਸੀ ਅਤਿ ਸੁੰਦਰ ਨਾਚੀਆਂ-ਭੜਕੀਲੇ ਲਿਬਾਸ ਵਿਚ ਸਤਿਗੁਰੂ ਜੀ ਦੇ ਕੋਲ ਨਾਚ ਕਰਕੇ ਭਰਮਾਣ ਦੇ ਯਤਨ ਲਈ ਘਲਣੀਆਂ। ਨਾਨਕ ਨਿਰੰਕਾਰੀ ਜੀ ਨੇ ਉਥੇ ਹੀ "ਗਾਛੋ ਪੁਤਰੀ ਰਾਜ ਕੁਮਾਰ" ਵਾਲਾ ਸ਼ਬਦ ਗਾਇਣ ਕਰਕੇ ਉਨਾਂ ਨਾਚੀਆਂ ਦੇ ਮਨਾਂ ਨੂੰ ਸ਼ਾਂਤ ਕੀਤਾ ਸੀ ਅਤੇ ਉਹ ਨਿਮੋਝੂਣੀਆਂ ਹੋ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਢਠੀਆਂ ਸਨ।

ਭਾਵ ਇਹ ਕਿ ਮਾਇਆ ਦਾ ਇਹ ਰੂਪ ਅਤਿ ਹੀ ਬੁਲੀ ਅਤੇ ਅਤਿ ਪ੍ਰਭਾਵ ਕਾਰੀ ਹੈ। ਛੀ ਜ਼ਮਾਨੇ ਵਿਚ ਤਾਂ ਇਸ ਦਾ ਜਿਵੇਂ ਰਾਜ ਹੀ ਹੈ। ਦੁਨੀਆਂ ਦੇ ਕਿਸੇ ਪਖ ਨੂੰ ਲੈ ਲਵੋ ਉਥੇ ਹੀ ਇਸ ਸਰੂਪ ਦਾ ਬੋਲ ਬਾਲਾ ਹੈ। ਇਸੇ ਭਾਵ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸ ਤਰਾਂ ਪ੍ਰਗਟ ਕਰਦੇ ਹਨ:—

ਪਾਪੀ ਹੀਐ ਮਹਿ ਕਾਮੁ ਬਸਾਇ॥
ਮਨ ਚੰਚਲੁ ਯਾ ਤੇ ਗਹਿਓ ਨ ਜਾਇ॥੧॥ ਰਹਾਉ॥
ਜੋਗੀ ਜੰਗਮ ਅਰ ਸਨਿਆਸ॥
ਸਭ ਹੀ ਪਰਿ ਡਾਰੀ ਇਹ ਫ਼ਾਸ॥੧॥
ਜਿਹ ਜਿਹ ਹਰਿ ਕੋ ਨਾਮੁ ਸੰਮਾਰਿ॥
ਤੇ ਭਵ ਸਾਗਰ ਉਤਰੇ ਪਾਰਿ॥੨॥
ਜਨ ਨਾਨਕ ਹਰਿ ਕੀ ਸਰਨਾਇ॥
ਦੀਜੈ ਨਾਮੁ ਰਹੈ ਗੁਨ ਗਾਇ॥੩॥੨॥ ਬਸੰਤ ਮ: ੯

ਇਸ ਕਾਮਣੀ ਦੀ ਸ਼ਕਤੀ ਨੂੰ ਸਾਰੇ ਧਰਮਾਂ ਨੇ ਮੰਨਿਆ ਹੈ। ਰਾਮਾਇਨ ਦੀ ਸਾਰੀ ਕਥਾ ਦਾ ਨਿਰਭਰ ਇਸੇ ਹੀ ਲਾਲ ਕਪੜੇ ਤੇ ਹੈ। ਇਸ ਸਾਰੀ ਵਾਰਤਾ ਵਿਚ ਪਹਿਲੇ ਕੇਕਈ, ਫੇਰ ਸਰੂਪ ਨਖਾ ਅਤੇ ਅੰਤ ਵਿਚ ਸੀਤਾ ਜੀ—ਇਨ੍ਹਾਂ ਤਿੰਨਾਂ ਇਸਤਰੀਆਂ ਨੇ ਹੀ ਮੁਖ ਭਾਗ ਲਿਆ ਹੈ। ਮਹਾਂ ਭਾਰਤ ਵਿਚ ਕੈਰੋਂ ਰਾਜ ਦੀ ਤਬਾਹੀ ਦਾ ਮੁਢ ਵੀ ਉਦੋਂ ਹੀ ਬੱਝਾ ਜਦ ਉਨ੍ਹਾਂ ਨੇ ਦਰੋਪਤੀ ਦੇ ਰੂਪ ਨੂੰ ਨਸ਼ਰ ਕਰਨ ਦਾ ਕੋਝਾ ਯਤਨ ਕੀਤਾ। ਇਸ ਤਰਾਂ ਨਾਲ ਪੁਰਾਤਨ ਭਾਰਤ ਦੀ ਸਭਯਤਾ ਅਤੇ ਗੌਰਵਤਾ ਮਿਟੀ ਵਿਚ ਮਿਲ ਗਏ। ਇਸੇ ਲਈ ਸਭ ਮਹਾਨ ਪੁਰਸ਼ ਰਿਸ਼ੀ, ਮੁਨੀ, ਅਵਤਾਰ, ਪੀਰ ਔਲੀਆ ਇਸ ਦੂਤ ਤੋਂ ਬਚਨ ਲਈ ਹੋਕੇ ਦਿੰਦੇ ਰਹੇ ਹਨ। ਏਥੋਂ ਤਕ ਕਿ ਕਈਆਂ ਧਰਮਾਂ ਵਿਚ ਧਾਰਮਕ ਆਗੂ ਲਈ, ਇਸਤ੍ਰੀ ਸੰਗ, ਵਿਆਹ ਦੇ ਰੂਪ ਵਿਚ ਵੀ, ਕਰਨ ਦੀ ਮਨਾਹੀ ਹੈ। ਬਹੁਤ ਸਾਰੇ ਆਗੂ ਆਤਮਕ ਰਾਹ ਦੇ ਪਾਂਧੀ ਜਗਿਆਸੂਆਂ ਨੂੰ ਇਸੇਲਈ ਘਰ ਬਾਰ ਛਡਨ ਤੇ ਮਜਬੂਰ ਕਰਦੇ ਸਨ ਸ਼ਾਇਦ ਇਸੇ ਕਰਕੇ ਹੀ ਇਸਲਾਮ ਵਿਚ ਚਾਰ

www.AKJ.Org

ਵਿਆਹ ਕਰਨ ਦੀ ਖੁਲ੍ਹ ਦਿੱਤੀ ਹੋਵੇ ਤਾ ਕਿ ਮਨੁਸ਼ ਆਪਣੀ ਕਾਮ ਵਾਸ਼ਨਾਂ ਦੀ ਤ੍ਰਿਪਤੀ ਕਰਕੇ ਹੀ ਇਸ ਤੋਂ ਆਪਣੇ ਮਨ ਨੂੰ ਵਰਜ ਸਕੇ ਅਤੇ ਉਹ ਹੋਰ ਹੋਰ ਫੁਲਾਂ ਦਾ ਭਵਰਾ ਨਾ ਬਣੇ। ਨਾਲ ਹੀ ਮਸੀਤਾਂ ਵਿਚ ਇਸਤਰੀਆਂ ਨੂੰ ਜਾਣ ਦੀ ਆਗਿਆ ਨਾ ਦਿਤੀ ਕਿ ਕਿਤੇ ਨਮਾਜ਼ ਪੜ ਰਹੇ ਨਮਾਜ਼ੀਆਂ ਦਾ ਧਿਆਨ ਇਸਤਰੀ ਦੇ ਰੂਪ ਵਲ ਨਾ ਖਿਚਿਆ ਜਾਵੇ। ਇਸ ਸੰਬੰਧ ਵਿਚ ਬਾਈਬਲ ਬੜਾ ਸੁਹਣਾ ਉਪਦੇਸ਼ ਦਿੰਦੀ ਹੈ। ਈਸਾ ਮਸੀਹ ਜੀ ਆਪਣੇ ਸਿਖਾਂ ਨੂੰ ਸੰਬੋਧਨ ਕਰਕੇ ਫ਼ੁਰਮਾਉਂਦੇ ਹਨ ਕਿ—

"ਹਣ ਤਕ ਤੁਹਾਨੂੰ ਇਹ ਦਰਸਾਇਆ ਜਾਂਦਾ ਰਿਹਾ ਹੈ ਕਿ ਪਰਾਈ ਇਸਤਰੀ ਨਾਲ ਸੰਜੋਗ ਵਿਭਚਾਰ ਹੈ ਅਤੇ ਇਸ ਲਈ ਅਤਿ ਭੈੜਾ ਕਰਮ ਹੈ। ਮੈਂ ਅਜ ਤੁਹਾਨੂੰ ਦਸਦਾ ਹਾਂ ਕਿ ਜਦੋਂ ਤੁਸੀਂ ਕਿਸੇ ਪਰਾਈ ਇਸਤਰੀ ਨੂੰ ਕਾਮ ਲਲਚਾਈ ਨਜ਼ਰ ਨਾਲ ਤਕ ਵੀ ਲੈਂਦੇ ਹੋ ਤਾਂ ਸਮਝੋ ਕਿ ਇਹ ਵੀ ਉਸ ਨਾਲ ਸੰਜੋਗ ਜਿਹਾ ਵਿਭਚਾਰ ਹੋ ਗਿਆ। ਕਾਮ ਨੂੰ ਸੰਬੋਧਨ ਕਰਦਿਆਂ ਹੋਇਆਂ ਸਤਿਗੁਰੂ ਜੀ ਵੀ ਬੜ ਕਰੜੇ ਸ਼ਬਦ ਵਰਤਦੇ ਹੋਏ ਫ਼ੁਰਮਾਂਦੇ ਹਨ—

"ਹੇ ਕਾਮੰ, ਨਰਕ ਬਿਸਰਾਮੰ ਬਹੁ ਜੋਨੀ ਭ੍ਰਮਾਵਣਹ"
ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥
ਸਲੋਕ ਸਹਸਕ੍ਰਿਤੀ ਮ: ੫

ਭਾਵ: ਕਾਮ ਦੇ ਅਧੀਨ ਹੋਇਆ ਮਨੁਖ ਨਰਕਾਂ ਵਿਚ ਪੈਣ ਦਾ ਅਧਿਕਾਰੀ ਬਣਦਾ ਹੈ। ਅਤੇ ਨਾਲ ਹੀ ਚੁਰਾਸੀ ਦੇ ਗੇੜ ਵਿਚ ਜੋਨੀਆਂ ਭੁਗਤਦਾ ਧਕੇ ਖਾਂਦਾ ਹੈ। ਕਾਮੀ ਪੁਰਸ਼ ਦਾ ਮਨ ਸੁੰਦਰ ਇਸਤਰੀ ਨੂੰ ਦੇਖ ਕੇ ਝਟ ਹੀ ਭਰਮਾਇਆ ਜਾਂਦਾ ਹੈ ਅਤੇ ਉਸਦੇ ਕੀਤੇ ਸਭ ਜਪ, ਤਪ, ਸੰਜਮ ਆਦਿ ਨਸ਼ਟ ਹੋ ਜਾਂਦੇ ਹਨ। ਏਸ ਤਰਾਂ ਕਾਮੀ ਮਨੁਖ ਅਨੇਕ ਜੋਨੀਆਂ ਵਿਚ ਪੈ ਕੇ ਜੰਮਨ ਮਰਨ ਦੇ ਗੇੜ ਵਿਚ ਫਸਿਆ ਰਹਿੰਦਾ ਹੈ। ਐਵੇਂ ਅਲਪ ਸੁਖ ਕਾਰਨ ਚੰਚਲ ਚਿਤ ਦੇ ਅਧੀਨ ਹੋ ਕੇ ਪ੍ਰਾਣੀ ਲੁਟਿਆ ਜਾਂਦਾ ਹੈ। ਹੇ ਪ੍ਰਾਣੀ ਤੇਰਾ ਇਸ ਦੂਤ ਦਾ ਡਰ ਤਾਂ ਹੀ ਦੂਰ ਹੋ ਸਕਦਾ ਹੈ ਜੇ ਤੂੰ ਸਚੇ ਸਾਧ ਦੀ ਸੰਗਤ ਕਰੇਂ ਤੇ ਪ੍ਰਮਾਤਮਾ ਦੀ ਓਟ ਲਵੇਂ।

ਇਸਤਰੀਆਂ ਨੂੰ ਸਖਤ ਪਰਦੇ ਵਿਚ ਤੇ ਘਰਾਂ ਦੀ ਚਾਰ ਦੀਵਾਰੀ ਵਿਚ ਕੈਦ ਰਖਣ ਦਾ ਰਿਵਾਜ ਵੀ ਸ਼ਾਇਦ ਇਸੇ ਕਾਰਨ ਹੀ ਪਿਆ ਅਤੇ ਇਸੇ ਕਾਰਨ ਹੀ ਸ਼ਾਇਦ ਇਸਤਰੀ ਨੂੰ ਪੈਰ ਦੀ ਜੁਤੀ ਗਰਦਾਨ ਕੇ ਮਰਦ ਦੇ ਅਧੀਨ ਡੰਡੇ ਹੇਠ ਰਖਣ ਦੀ ਪ੍ਰਪਾਟੀ ਚਲੀ, ਪਰ ਇਨਾਂ ਕੁਛ ਕਰਨ ਤੇ ਵੀ "ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ।"

ਸਤਿਗੁਰੂ ਨਾਨਕ ਨਿਰੰਕਾਰੀ ਨੇ ਵੀ ਮਨੁਖ ਦੀ ਇਸ ਕਮਜ਼ੋਰੀ ਨੂੰ ਅਨਭਵ ਕਰਕੇ ਅਰੰਭ ਤੋਂ ਹੀ ਇਸ ਦਾ ਇਲਾਜ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਖੁਦ ਅਤੇ ਉਨ੍ਹਾਂ ਤੋਂ ਉਪ੍ਰੰਤ ਸਭ ਗੁਰੂ ਵਯਕਤੀਆਂ ਨੇ ਇਸ ਮਰਜ਼ ਵਲ ਪੂਰਾ ਧਿਆਨ ਦੇ ਕੇ ਐਸੀਆਂ ਜੀਵਨ ਲੀਹਾਂ ਉਕੇਰੀਆਂ ਜਿਨਾਂ ਤੇ ਚਲਨ ਨਾਲ ਮਨੁਖ ਸਹਿਜੇ ਹੀ ਇਸ ਰੋਗ ਤੋਂ ਛੁਟਕਾਰਾ ਪਾ ਸਕੇ। ਉਨ੍ਹਾਂ ਜੀਵਨ ਲੀਹਾਂ ਵਿਚੋਂ ਕੁਝਕੁ ਹੇਠ ਦਰਸਾਈਆਂ ਜਾਂਦੀਆਂ ਹਨ—

੧. ਇਕ ਪਹਿਰ ਰਾਤ ਰਹਿੰਦੀ ਜਾਗ ਕੇ ਮਨ ਪ੍ਰਭੂ ਨੂੰ ਚਰਨਾ ਨਾਲ ਜੋੜਨਾ। ਰਾਤ ਦੇ ਇਸ ਅਖੀਰਲੇ ਸੁਹਾਵਣੇ ਸਮੇਂ ਨੂੰ 'ਅੰਮ੍ਰਿਤ ਵੇਲਾ' ਕਹਿਕੇ ਨਿਵਾਜਿਆ। ਏਸ ਇਕ ਸਾਧਨ ਨਾਲ ਹੀ


www.AKJ.Org

ਮਨ ਦੀ ਅਵਸਥਾ ਵਿਚ ਫਰਕ ਪੈਣਾ ਸ਼ੁਰੂ ਹੋ ਜਾਂਦਾ ਹੈ। ਕਿਵੇਂ ? ਅੰਮ੍ਰਿਤ ਵੇਲੇ ਉਠਨ ਲਈ ਰਾਤੀਂ ਛੇਤੀ ਸੌਣਾ ਜ਼ਰੂਰੀ ਹੈ। ਸੋ ਇਸ ਤਰਾਂ ਰਾਤ੍ਰੀ ਦਾ ਸਮਾਂ ਜੋ ਕਾਮ ਤੇ ਕਾਮਣੀ ਦੀ ਖਿਚ ਦੇ ਅਧੀਨ ਹੋਣ ਲਈ ਅਤਿ ਹੀ ਯੋਗ ਹੈ, ਸਹਿਲਾ ਹੀ ਬਤੀਤ ਹੋ ਜਾਂਦਾ ਹੈ। ਜਿਨਾਂ ਸੁਭਾਗਿਆਂ ਨੇ ਅੰਮ੍ਰਿਤ ਵੇਲੇ ਭਾਵ ਸੂਰਜ ਦੀ ਟਿੱਕੀ ਦਿਸਣ ਤੋਂ ਤਿੰਨ ਘੰਟੇ ਪਹਿਲੇ—ਉਠਣ ਦੇ ਨੇਮ ਨੂੰ ਅਪਨਾਇਆ ਹੈ ਉਹ ਸਹਿਜੇ ਹੀ ਇਸ ਲਾਲ ਕਪੜੇ ਦੇ ਖਤਰੇ ਤੋਂ ਬਚ ਜਾਂਦੇ ਹਨ। ਦਿਨ ਤਾਂ ਉਂਜ ਹੀ ਕਾਰੋਬਾਰ ਤੇ ਹੋਰ ਧੰਦਿਆਂ ਵਿਚ ਬੀਤ ਜਾਂਦਾ ਹੈ। ਰਾਤ ਹੀ ਸੀ ਜਦ ਕਿ ਮਨ ਨੇ ਵਿਹਲਾ ਹੋਕੇ ਭੈੜੇ ਖਿਆਲਾਂ ਦੀ ਵਰਕ-ਸ਼ਾਪ ਬਨਣਾ ਸੀ। ਸੋ ਸਤਿਗੁਰੂ ਨੇ ਰਾਤ ਬਿਤਾਉਣ ਦਾ ਇਹ ਢੰਗ ਦਰਸਾ ਕੇ ਇਸ ਖਤਰਨਾਕ ਸਮੇਂ ਤੋਂ ਮਨ ਨੂੰ ਬਚਾ ਦਿਤਾ।

੨. ਅੰਮ੍ਰਿਤ ਵੇਲੇ ਉਠਕੇ ਗੁਰਮਤਿ ਨਾਮ ਤੇ ਬਾਣੀ ਦਾ ਅਭਿਆਸ ਸਵੇਰੇ ਉਠਦਿਆਂ ਜਿਸ ਪਾਸੇ ਮਨ ਨੂੰ ਲਾਇਆ ਜਾਵੇ ਇਹ ਕੁਦਰਤੀ ਹੈ ਕਿ ਦਿਨੇ ਵੀ ਮਨ ਉਨਾਂ ਹੀ ਲੀਹਾਂ ਤੇ ਸੋਚਦਾ ਤੇ ਦੌੜਦਾ ਰਹੇਗਾ। ਸੂਰਜ ਚੜਨ ਤਕ ਤਿੰਨ ਘੰਟੇ ਮਨ ਨੂੰ ਨਾਮ-ਬਾਣੀ, ਪ੍ਰਭੂ-ਭਗਤੀ ਨਾਲ ਜੋੜਨ ਦਾ ਅਵਸ਼ ਨਤੀਜਾ ਇਹ ਨਿਕਲਦਾ ਹੈ ਕਿ ਸਾਰੇ ਦਿਨ ਲਈ ਮਨ ਆਤਮਕ ਸ਼ਕਤੀ ਭਰਪੂਰ ਹੋਕੇ ਦੁਨੀਆਵੀ ਵਾਸ਼ਨਾਵਾਂ ਦਾ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਹੋ ਜਾਂਦਾ ਹੈ।

੩. ਕਾਮ ਜਿਥੇ ਪੰਜ ਦੂਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਉਥੇ ਇਹ ਵੀ ਮੰਨਣ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਇਹ ਇਕ ਕੁਦਰਤੀ ਸ਼ਕਤੀ ਤੇ ਸਰੀਰਕ ਅਵਸ਼ਕਤਾ (Physical necessity) ਵੀ ਹੈ। ਕੁਦਰਤ ਵਲੋਂ ਕਰਤਾ ਪੁਰਖ ਦੀ ਰਚਨਾ ਨੂੰ ਕਾਇਮ ਰਖਣ ਦਾ ਇਕ ਜ਼ਰੂਰੀ ਵਸੀਲਾ ਹੈ। ਨਰ ਤੇ ਮਾਦਾ ਕੇਵਲ ਮਨੁਸ਼ ਜਾਤੀ ਵਿਚ ਹੀ ਨਹੀਂ ਬਲਕਿ ਕਾਦਰ ਦੀ ਹਰ ਰਚਨਾ ਵਿਚ—ਇਥੋਂ ਤਕ ਕਿ ਬਨਾਸਪਤੀ ਵਿਚ ਵੀ ਮੌਜੂਦ ਹਨ।

ਇਸ ਲਈ ਇਸ ਕੁਦਰਤੀ ਖਿਚ ਤੋਂ ਜ਼ਬਰ-ਦਸਤੀ ਵਾਂਜੇ ਰਹਿਣ ਦੇ ਯਤਨ ਕਰਨੇ ਸਦਾ ਹੀ ਭੈੜੇ ਨਤੀਜਿਆਂ ਦਾ ਕਾਰਨ ਬਣਦੇ ਹਨ ਕਿਉਂਕਿ ਇਹ ਇਕ ਤਰਾਂ ਨਾਲ ਕਾਦਰ ਦੀ ਕੁਦਰਤ ਦੇ ਖਿਲਾਫ਼ ਲੜਾਈ ਹੋ ਜਾਂਦੀ ਹੈ। ਹਾਂ ਕੁਦਰਤ ਵਲੋਂ ਹੀ ਕਿਸੇ ਮਰਦ ਜਾਂ ਇਸਤਰੀ ਦੇ ਮਨ ਦੀ ਬਣਤਰ ਇਸਤਰਾਂ ਦੀ ਹੋ ਜਾਵੇ ਕਿ ਉਸ ਵਿਚ ਇਸ ਸੰਜੋਗ ਲਈ ਖਿਚ ਹੀ ਨਾ ਪੈਦਾ ਹੋਵੇ, ਉਹ ਹੋਰ ਗਲ ਹੈ ਤੇ ਮੁਬਾਰਕ ਹੈ। ਜਬਰ ਨਾਲ ਮਨ ਨੂੰ ਇਸ ਤੋਂ ਪਰੇ ਰਖਣਾ, ਕਦੇ ਸਫ਼ਲ ਨਹੀਂ ਹੋ ਸਕਦਾ ! ਅਗ ਬੁਝਾਉਣ ਲਈ ਜੇ ਕੋਈ ਇਸ ਨੂੰ ਦਬਾ ਕੇ, ਨੱਪ ਕੇ, ਘੁਟ ਕੇ ਸਮਝੇ ਕਿ ਅਗ ਬੁਝ ਗਈ ਹੈ, ਤਾਂ ਇਹ ਅਸੰਭਵ ਹੈ। ਜਦ ਵੀ ਬੋਝ ਉਤਰਿਆ, ਸ਼ੋਅਲੇ ਭੜਕ ਪੈਣਗੇ।

ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਪ੍ਰਵਾਰਕ ਬਣੇ ਅਤੇ ਅਗੋਂ ਗੁਰਜੋਤਿ ਨੂੰ ਸਰੀਰਕ ਰੂਪ ਵਿਚ ਜਾਰੀ ਰਖਣ ਲਈ ਵੀ ਭਾਈ ਲਹਿਣਾ ਜੀ ਇਕ ਗ੍ਰਹਸਥੀ ਤੇ ਬਾਲ-ਬਚੇਦਾਰ ਨੂੰ ਚੁਣਿਆ ਬਾਕੀ ਗੁਰੂ ਸਾਹਿਬਾਨ ਫਿਰ ਇਸੇ ਹੀ ਲੀਹ ਤੇ ਚਲਦੇ ਰਹੇ ਅਤੇ ਇਸਤਰਾਂ ਇਸਤਰੀ ਤੋਂ ਦੂਰ ਰਹਿਣ ਦੀ ਥਾਵੇਂ, ਗ੍ਰਹਸਥ ਜੀਵਨ ਵਿਚ ਖੁਦ ਪ੍ਰਵੇਸ਼ ਕਰਕੇ, ਇਸ ਜੀਵਨ ਢੰਗ ਨੂੰ ਪ੍ਰਧਾਨਤਾ ਬਖ਼ਸ਼ੀ। ਸੋ ਤੀਜਾ ਇਲਾਜ ਏਕਾ ਨਾਰੀ ਜਤੀ ਦੇ ਅਸੂਲ ਨੂੰ ਪ੍ਰਧਾਨਤਾ ਦੇਕੇ, ਮਨ ਨੂੰ ਏਸ ਵਿਸ਼ੇ

www.AKJ.Org

ਵਲੋਂ ਹੋੜਨ ਦਾ ਸਾਥਨ ਦਰਸਾਇਆ।

੪. ਦਸਵੇਂ ਜਾਮੇ ਵਿਚ ਗੁਰੂ ਸ੍ਰੀ ਨਾਨਕ ਜੀ ਨੇ ਇਸ ਦੂਤ ਤੋਂ ਆਪਣੇ ਸਿਖਾਂ ਨੂੰ ਬਚਾਨ ਲਈ ਹੋਰ ਵੀ ਪੱਕਾ ਧੁਰਵਾ ਬੰਨ ਦਿਤਾ। ਆਪਣੀ ਵਿਆਹਤ ਇਸਤਰੀ ਤੋਂ ਬਿਨਾ ਹੋਰ ਕਿਸੇ ਇਸਤ੍ਰੀ ਨਾਲ ਕਾਮ ਵੱਸ ਕੀਤੇ ਸੰਜੋਗ ਨੂੰ ਚਾਰ ਬੱਜਰ ਕੁਰਹਿਤਾਂ ਵਿਚ ਸ਼ਾਮਲ ਕਰਕੇ ਇਸ ਦੂਤ ਦੇ ਹਮਲੇ ਤੋਂ ਸਿਖਾਂ ਨੂੰ ਸਦਾ ਲਈ ਬਚਾ ਦਿਤਾ। ਬਾਕੀ ਸਭ ਧਰਮਾਂ ਨੇ ਭਾਵੇਂ ਇਸ ਦੀ ਰੋਕ ਥਾਮ ਲਈ ਬਹੁਤ ਜਤਨ ਕੀਤੇ ਪਰ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਹਿਸੇ ਵਿਚ ਹੀ ਆਇਆ ਕਿ ਉਨ੍ਹਾਂ ਨੇ ਇਸ ਵਿਸ਼ੇ ਤੋਂ ਬਚਨਾ ਧਰਮ ਦਾ ਮੂਲ ਬਣਾ ਦਿਤਾ ਅਤੇ ਜੋ ਕੋਈ ਸਿਖ ਇਸ ਹੁਕਮ ਦੀ ਅਵਗਿਆ ਕਰੇ ਉਹ ਸਿਖੀ ਤੋਂ ਹੀ ਖਾਰਜ ਕਰ ਦਿਤਾ ਗਿਆ। ਭਾਵੇਂ ਪੰਜੇ ਦੂਤ ਮਹਾਂ ਬੱਲੀ ਹਨ ਪਰ ਗੁਰ ਸਿਖੀ ਦੇ ਮੁਢਲੇ ਅਸੂਲਾਂ ਵਿਚ ਇਸ ਵਿਸ਼ੇ ਤੋਂ ਬਚਨਾ ਸ਼ਾਮਲ ਕਰਨਾ ਵੀ ਇਹ ਸਿਧ ਕਰਦਾ ਹੈ ਕਿ ਕਾਮ ਤੇ ਕਾਮਣੀ ਮਹਾਂ ਮਹਾਂ ਬਲੀ ਹਨ ਅਤੇ ਇਹ ਆਤਮਕ ਤੇ ਸਮਾਜਕ ਉਨਤੀ ਅਤੇ ਸਦਾਚਾਰ ਦੇ ਰਾਹ ਵਿਚ ਵਡੀ ਰੁਕਾਵਟ ਪੈਦਾ ਕਰਦੇ ਹਨ। ਇਸੇ ਲਈ ਇਸ ਤੋਂ ਬਚਣ ਦੀ ਖਾਸ ਚਿਤਾਵਨੀ ਕਰਾ ਕੇ ਇਸ ਨੂੰ ਬੱਜਰ ਕੁਰਹਿਤਾਂ ਵਿਚ ਸ਼ਾਮਲ ਕਰਕੇ ਸਿਖੀ ਨੂੰ ਸਦਾ ਲਈ ਇਸ ਢਾਅ ਤੋਂ ਬਚਾ ਲਿਆ।

੫. ਇਸ ਤੋਂ ਉਪ੍ਰੰਤ ਇਹ ਇਕ ਵਿਗਿਆਨਕ ਸਚਾਈ ਹੈ ਕਿ ਲਿਬਾਸ ਦਾ ਅਸਰ ਮਨ ਤੇ ਬਹੁਤ ਛੇਤੀ ਅਤੇ ਡੂੰਘਾ ਹੁੰਦਾ ਹੈ। ਜਿਸ ਢੰਗ ਦਾ ਲਿਬਾਸ ਪਹਿਰਿਆ ਹੋਵੇ, ਮਨ ਵਿਚ ਉਸੇ ਪਰਕਾਰ ਦੇ ਉਪਜਦੇ ਹਨ ਤੇ ਫਿਰ ਖਿਆਲਾਂ ਨੂੰ ਸਰੀਰ ਅਮਲੀ ਰੂਪ ਵਿਚ ਲਿਆਉਣ ਲਈ ਉਤਸ਼ਾਹਤ ਹੁੰਦਾ ਹੈ। ਇਸੇ ਕਰਕੇ ਦਸਮੇਸ਼ ਪਿਤਾ ਜੀ ਨੇ ਗੁਰਸਿਖਾਂ (ਮਰਦ ਤੇ ਇਸਤ੍ਰੀ ਦੂਹਾਂ) ਲਈ ਗੁਰਸਿਖੀ ਪਹਿਰਾਵਾ ਨੀਯਤ ਕੀਤਾ ਜਿਸ ਨਾਲ ਨਾ ਸਿਰਫ ਆਪਣੇ ਹੀ ਬਲਕਿ ਦੂਜਿਆਂ ਦੇ ਮਨਾਂ ਤੇ ਵੀ ਸਤੋ ਗੁਣੀ ਪ੍ਰਭਾਵ ਪਵੇ ਅਤੇ ਵਿਸ਼ੇ ਵਿਕਾਰਾਂ ਤੋਂ ਬਚੇ ਰਹਿਣ ਦੀ ਪ੍ਰੇਰਨਾ ਮਿਲੇ। "ਸਾਬਤ ਸੂਰਤ ਦਸਤਾਰ ਸਿਰਾ" ਦਾ ਗੁਰੂ ਹੁਕਮ ਗੁਰਮਤਿ ਦੇ ਇਸ ਨੀਯਤ ਕੀਤੇ ਪਹਿਰਾਵੇ ਨੂੰ ਦਰਸਾਂਦਾ ਹੈ। ਜਦ ਤਕ ਆਮ ਸਿੰਘ ਸਿੰਘਣੀਆਂ ਇਸ ਅਮਰੀ ਹੁਕਮ ਅਨੁਸਾਰ ਦਸ ਦੁਆਰੜੀ ਜੂੜੇ ਤੇ ਕੇਸਕੀ ਨੂੰ ਸਜਾ ਕੇ ਗੁਰੂ ਕੇ ਹੁਕਮ ਵਿਚ ਨਹੀਂ ਆਉਂਦੇ, ਉਦੋਂ ਤਕ ਫੀ ਜ਼ਮਾਨੇ ਵਿਚ ਚਲ ਰਹੇ ਫ਼ੈਸ਼ਨ ਪ੍ਰਸਤੀ ਤੇ ਵਿਸ਼ੇ ਭੜਕਾਊ ਵਹਿਣ ਤੋਂ ਉਹ ਕਦਾਚਿਤ ਨਹੀਂ ਬਚ ਸਕਦੇ।

੬. ਅੰਤ ਵਿਚ—ਇਹ ਜੋਵੀ ਸਾਧਨ 'ਝਾੜੀ ਉਤੇ ਲਾਲ ਕਪੜੇ' ਦੇ ਖਤਰੇ ਤੋਂ ਬਚਾਨ ਲਈ ਗੁਰਮਤਿ ਨੇ ਦਰਸਾਏ ਹਨ, ਇਨਾਂ ਦਾ ਮੁਢ ਹੈ, ਸਾਧ ਸੰਗਤ ਤੇ ਗੁਰਮਤਿ ਨਾਮ ਕਮਾਈ। ਪਿਛੇ ਜੋ ਗੁਰ ਸ਼ਬਦ ਇਸ ਸਬੰਧ ਵਿਚ ਅੰਕਿਤ ਕੀਤੇ ਗਏ ਹਨ ਉਹਨਾਂ ਦੀਆਂ ਅਖੀਰਲੀਆਂ ਤੁਕਾਂ ਵਿਚ ਇਸ ਦੂਤ ਤੋਂ ਬਚਨ ਦਾ ਮੁਢਲਾ ਸਾਧਨ—'ਸਾਧ ਸੰਗਤ ਤੇ ਨਾਮ ਕਮਾਈ' ਚੰਗੀ ਤਰਾਂ ਦਰਸਾਇਆ ਗਿਆ ਹੈ। ਸਾਧ ਤੋਂ ਸਚੇ ਗੁਰੂ ਵਲ ਸੰਕੇਤ ਹੈ ਤੇ ਸਚਾ ਗੁਰੂ ਸਤਿਗੁਰੂ ਨਾਨਕ ਨਿਰੰਕਾਰੀ ਅਤੇ ਇਨਾਂ ਦੀਆਂ ਦਸ ਜੋਤਾਂ ਅਤੇ ਇਨਾਂ ਦਾ ਸਰੂਪ ਹੁਣ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਉਹਨਾਂ ਦਾ ਸਰਗੁਣ ਸਰੂਪ ਸ੍ਰੀਗੁਰੂ ਗ੍ਰੰਥ ਸਾਹਿਬ


www.AKJ.Org

ਮਨੋ ਵਿਗਿਆਨਕ ਕਸਵੱਟੀ ਉਤੇ–

# —੦ ਸਾਡਾ ਪ੍ਰਚਾਰ ਢੰਗ ੦—

(ਭਾਈ ਅਮਰੀਕ ਸਿੰਘ ਜੀ ਬੀ. ਏ. ਬੜੋਦਾ)

(ਲੜੀ ਜੋੜਨ ਲਈ ਪਿਛਲਾ ਨਵੰਬਰ ਦਾ ਪਰਚਾ ਵੇਖੋ)

## ਸਾਡਾ ਅਜ ਦਾ ਪ੍ਰਚਾਰ ਢੰਗ

ਅਸੀਂ ਜਾਣਦੇ ਹਾਂ ਕਿ ਅਜ ਦਾ ਸਿਖ ਗੁਰਦੁਆਰੇ ਦੀ ਰੁਚੀ ਨਹੀਂ ਰਖਦਾ। ਉਹ ਕਹਿੰਦਾ ਹੈ ਮੈਨੂੰ ਸਮਝ ਹੀ ਨਹੀਂ ਆਉਂਦੀ ਗੁਰਦੁਆਰੇ ਕੀ ਪੜ੍ਹਿਆ ਤੇ ਗਾਵਿਆ ਜਾਂਦਾ ਹੈ ਲੌ ਵਿਚਾਰ ਕਰੋ ; ਇਹ ਉਪਰਲੀ ਗਲ ਹੈ ਜੋ ਬਿਲਕੁਲ ਸਚ।

ਸਾਡੇ ਰਾਗੀ ਪਤਾ ਨਹੀਂ ਕਿਥੋਂ ਕਢ ਕੇ ਲੈ ਆਉਂਦੇ ਨੇ ਰਾਗ, ਉਨ੍ਹਾਂ ਦੀ ਤਾਨਾ ਰੀਗੀ ਵਿਚ ਸ਼ਬਦ ਦੀ ਇਕ ਤੁਕ ਵੀ ਪਲੇ ਨਹੀਂ ਜੇ ਪੈਂਦੀ ਸਰੋਤੇ ਦੇ। ਇਹ ਰਾਗੀ ਜਨ ਗੁਰੂ ਨਾਨਕ ਸਾਹਿਬ ਵਾਲੀ ਮਨੋਵਿਗਿਆਨਕ Approach ਨੂੰ ਤਾਂ ਪਛਾਣਦੇ ਹੀ ਨਹੀਂ, ਗੁਰਬਾਣੀ ਪੇਸ਼ ਕਰਨ ਨੂੰ ਤਾਂ ਮੁਖ ਨਹੀਂ ਰਖਦੇ, ਰਾਗ ਪੇਸ਼ ਕਰਨ ਨੂੰ ਅਗੇਚ ਕਰੀ ਬੈਠੇ ਹਨ। ਦਾਸ ਨੂੰ ਇਕ ਦਫਾ ਇਕ ਪੰਥ ਪ੍ਰਸਿਧ ਰਾਗੀ ਪਾਸੋਂ ਅਧਾ ਘੰਟਾ ਘੋਟਵੇਂ ਰਾਗ ਵਿਚ ਕੀਰਤਨ ਸੁਣਨ ਪਿਛੋਂ ਸਿਰਫ ਹੇਠ ਲਿਖੀ ਅਧੀ ਤੁਕ ਸਮਝ ਪਈ ਸਾਰੇ ਸ਼ਬਦ ਵਿਚੋਂ—

"ਬਾਹਦੇਬਾਹ ਦੇ ਮੋਹਿ ਨਿਸਤਾਰੇ।"

---

† ਜੀ ਦੇ ਤਾਬੇ ਤਿਆਰ ਬਰ ਤਿਆਰ ਅੰਮ੍ਰਿਤ ਧਾਰੀ "ਪੰਚ ਪਰਵਾਨ" ਸਿੰਘ (ਪੰਜ ਪਿਆਰੇ) ਹਨ। ਸੋ ਪੰਜਾਂ ਪਿਆਰਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰਮਤਿ ਨਾਮ (ਗੁਰਮੰਤਰ ਵਾਹਿਗੁਰੂ) ਦ੍ਰਿੜ੍ਹ ਕਰਵਾਕੇ ਕੀਤੀ ਨਾਮ ਕਮਾਈ ਨਾਲ ਹੀ ਮਨ ਪਵਿਤ੍ਰ ਹੁੰਦਾ ਹੈ। ਫਿਰ ਅੰਮ੍ਰਿਤ ਵੇਲੇ ਉਠ ਕੇ ਕੀਤੀ ਇਸ ਦ੍ਰਿੜਾਏ ਨਾਮਦੀ ਕਮਾਈ, ਕਾਮ ਅਤੇ ਬਾਕੀ ਚਾਰੇ ਦੂਤਾਂ ਤੋਂ ਛੁਟਕਾਰਾ ਦਿਵਾਉਂਦੀ ਹੈ।

ਇਹ ਹੈ ਧੁਰਾ ਜਿਸ ਦੇ ਦੁਆਲੇ ਬਾਕੀ ਸਾਰੇ ਸਹਾਇਕ ਕਰਮ ਘੁੰਮਦੇ ਹਨ ਤੇ ਕਾਮੰ "ਨਰਕ ਬਿਸਰਾਮੰ" ਤੋਂ ਛੁਟਕਾਰਾ ਹੁੰਦਾ ਹੈ। ਇਸ ਤਰਾਂ ਫਿਰ ਇਹ ਪੰਜੇ ਕਾਮਾਦਿਕ ਦੂਤ ਜੋ ਸਾਰੀ ਸ੍ਰਿਸ਼ਟੀ ਤੇ ਹਾਵੀ ਹਨ ਉਹ ਗੁਰਮੁਖ ਭਗਤ ਜਨਾਂ ਦੇ ਅਧੀਨ ਹੋ ਜਾਂਦੇ ਹਨ—

ਸਗਲ ਸ੍ਰਿਸ਼ਟ ਕੇ ਪੰਚ ਸਿਕਦਾਰ ॥
ਰਾਮ ਭਗਤ ਕੇ ਪਾਨੀ ਹਾਰ ॥
(ਗੋਂਡ ਮः ੫)

———


www.AKJ.Org

੮੦ ਸਾਲਾ ਬੁਢੇ ਭਾਵੇਂ ਅਜਿਹਾ ਰਾਗ ਸੁਣਦੇ ਰਹਿਣ ਬੈਠਕੇ ਤੇ ਭਾਵੇਂ ਮਾਇਆ ਵੀ ਬੇਅੰਤ ਭੇਟ ਹੋਵੇ ਪੰਥ ਪ੍ਰਸਿਧਤਾ ਦੇ ਕਾਰਨ ਪਰ ਜਵਾਨ ਤਬਕਾ ਤਾਂ ਉਕਤਾ ਜਾਂਦਾ ਹੈ, ਜਿਦ੍ਹੇ ਪਲੇ ਹੀ ਕੁਝ ਨਾ ਪਵੇ ਉਹ ਬੋਰ ਹੀ ਹੋਵੇਗਾ ਪਰ ਕਉਣ ਸਮਝਾਏ ਇਨ੍ਹਾਂ ਸਾਡੇ ਪੰਥ ਪ੍ਰਸਿਧ ਪਰ ਮਨੋ-ਵਿਗਿਆਨ ਤੋਂ ਰਹਿਤ ਰਾਗੀਆਂ ਨੂੰ। ਤੇ ਦੂਜੇ ਸਾਡੇ ਫਿਲਮੀ ਰਾਗੀ ਅਜਿਹੀਆਂ ਚੰਚਲ ਫਿਲਮੀ ਸੁਰਾਂ ਚੁਕ ਕੇ ਲੈ ਆਉਂਦੇ ਹਨ ਕਿ ਮਨ ਟਿਕੇ ਹੀ ਨਾ, ਉਧਰ ਗਲੀ ਵਿਚ ਉਹੀ ਰੀਕਾਰਡ ਵਜਦਾ ਹੁੰਦਾ ਹੈ ਤੇ ਇਧਰ ਉਸ ਸੁਰ ਤੇ ਸ਼ਬਦ। ਕਿਸ ਯੁਵਕ ਦਾ ਚਿਤ ਇਕਾਗਰ ਹੋਵੇਗਾ?

ਤੀਜੀ ਕਿਸਮ ਦੇ ਕਥਾ ਕਰਨ ਵਾਲੇ 'ਪਰਵਚਨ ਕੀਰਤਨ'' ਕਰਨ ਵਾਲੇ ਰਾਗੀ ਜਨ ਨਾਲ ਜੋ ਵਿਆਖਿਆ ਚਾ ਕਰਨ(ਤੇ ਰਹਿੰਦੇ ਨਹੀਂ ਜੇ ਇਹ ਪਰਵਚਨ ਕਰਨੋਂ) ਤਾਂ ਪੁਛੋ ਕੁਝ ਨ ਰਾਗੀ ਆਪਣੇ ਬਨਾਵਟੀ ਅਥਰੂ ਵਗਾ ਲੈਗਾ ਤੇ ਸਾਰੀਆਂ ਬੀਬੀਆਂ ਦੇ ਵੀ ਕਿਉਂਕਿ ਉਹਨੇ ਕਹਿਣਾ ਹੈ:—

"ਕਲਗੀਧਰ ਜੀ ਦੇ ਦਰਬਾਰ ਵਿਚ ਮਾਤਾ ਜੀਆਂ ਭੁਬਾਂ ਮਾਰ ਕੇ ਰੋ ਪਏ। ਮੇਰੇ ਕਿਥੇ ਜੇ ਚਾਰੇ ਲ...ਾ...ਲ...? ''

ਹੁਣ ਅਨਪੜ੍ਹ ਤਬਕਾ ਤਾਂ ਭਾਵੇਂ ਜਾਏ ਮਨ। ਬੀਬੀਆਂ ਬੇਸ਼ਕ ਦਬਕੇ ਰੋ ਲੈਣ ਤੇ ਭਾਵੇਂ ਸੋਨੇ ਦੇ ਹਾਰ ਵੀ ਲਾਹ ਕੇ ਰਾਗੀ ਦੇ ਭੇਟ ਕਰ ਦੇਣ, ਪਰ ਅਜਕਲ ਦਾ ਕਿੰਤੁਕੀ ਮਨ ਪੁਛ ਬੈਠਦਾ ਹੈ:—

"ਜੀ ਗੁਰਬਾਣੀ ਤਾਂ ਕਹਿੰਦੀ ਹੈ, ਕਿਸੇ ਮਰ ਗਏ ਤੇ ਰੋਣਾ ਨਹੀਂ ਚਾਹੀਦਾ, ਭਾਣਾ ਮਨਣਾ ਚਾਹੀਦਾ ਹੈ, ਤੇ ਨਾਲੇ ਗੁਰੂ ਸਾਹਿਬ ਦਾ ਜੀਵਨ ਸਾਡੇ ਲਈ ਪੂਰਨੇ ਸਨ, ਤੇ ਜੇ ਮਾਤਾ ਜੀ ਐਨੇ ਵਰ੍ਹੇ ਗੁਰੂ ਸਾਹਿਬ ਦੇ ਪਾਵਨ ਚਰਨ ਪਰਸ ਕੇ ਵੀ ਪੁਤਰਾਂ ਦੇ ਵਿਛੋੜੇ ਰੋ ਪਏ ਤਾਂ ਫਿਰ ਸਾਨੂੰ ਰੋਣ ਤੋਂ ਕਿਉਂ ਰੋਕਿਆ ਜਾਵੇ ?'

ਹੁਣ ਪਾਠਕ ਜੀ ਲਗਾਓ ਅੰਦਾਜ਼ਾ। ਇਹ ਰਾਗੀ (੧) ਸੰਗਤਾਂ ਨੂੰ ਝੂਠ ਸੁਣਾ ਗਿਆ (੨) ਝੂਠਾ ਰੋਣਾ ਰੁਵਾ ਗਿਆ (੩) ਪੰਥ ਵਿਚ ਭਾਣਾ ਮਨਣ ਦੇ ਪਰਚਾਰ ਦੀ ਥਾਂ ਰੋਣ ਦੀ ਪਿਰਤ ਪਾ ਗਿਆ ਤੇ (੪) ਮਾਤਾ ਜੀ ਦੀ ਸ਼ਾਨ ਦੇ ਖਿਲਾਫ਼ ਬਚਨ ਕਹਿਕੇ ਕਿਡਾ ਵਡਾ ਪਾਪ ਕਰ ਗਿਆ।''

ਅਜਿਹੇ ਅਸਮਝ ਹਨ ਸਾਡੇ ਪ੍ਰਚਾਰਕ। ਕੀ ਇਹ ਮਸੰਦਾਂ ਨਾਲੋਂ ਘਟ ਹਨ—ਸਿਰਫ਼ ਮਾਇਆ ਉਗਰਾਹੁਣ ਵਾਸਤੇ ਇਹ ਗਲਤ ਤੋਂ ਗਲਤ ਪਰਚਾਰ ਵੀ ਕਰਦੇ ਨਹੀਂ ਸੰਗਦੇ। ਮਨ-ਘੜਤ ਕਥਾਵਾਂ ਬਿਆਨ ਕਰ ਕਰ ਕੇ ਇਨਾਂ ਕਥਕੜਾਂ ਤੇ ਸਾਨੂੰ ਇਥੇ ਤਕ ਲੈ ਆਂਦਾ ਹੈ।

ਅਖੰਡ ਪਾਠੀਆਂ ਦੀ ਵੀ ਸੁਣ ਲੋ। ਸ੍ਰੀ ਅਖੰਡ ਪਾਠ ਸਾਹਿਬ ਸੁਣਨ ਵਾਸਤੇ ਅਨੇਕਾਂ ਸ਼ਰਧਾਲੂ ਬੈਠਦੇ ਹਨ, ਪਰ ਸਾਡੇ ਪਾਠੀ ਕਿਥੇ ਖਿਆਲ ਕਰਦੇ ਹਨ ਇਸ ਗਲ ਦਾ, ਉਨ੍ਹਾਂ ਨੇ ਪੈਸੇ ਲੈਣੇ ਪਾਰ ਲੰਘਣਾ, ਪਾਠ ਸੁਣਾਉਣ ਦਾ ਠੇਕਾ ਥੋੜਾ ਹੀ ਕੀਤਾ ਸੀ ਉਨ੍ਹਾਂ ਦੋ ਘੰਟੇ ਬੈਠਕੇ ਵੀ ਪਾਠੀ ਦੀ ਗੁਣਗੁਣ ਤੋਂ ਸਿਵਾ ਇਕ ਅਖਰ ਸੁਣਨ ਵਿਚ ਨਹੀਂ ਆਉਂਦਾ। ਅਜਿਹਾ ਪਾਠ ਜਿਹੜਾ ਕਿਸੇ ਸੁਣ ਹੀ ਨਹੀਂ ਸਕਣਾ (ਪਾਠੀ ਦੀ ਗਲ ਬਚਾਉਣੀ ਆਦਤ ਦੇ ਕਾਰਨ) ਤੇ ਕਰਨ ਵਾਲਾ ਸਿਰਫ ਪੈਸੇ ਲੈਣ ਲਈ ਕਰ ਰਿਹਾ ਹੈ, ਕੀ ਫਲ ਦੇਵੇਗਾ ? ਭਾ: ਸ: ਰਣਧੀਰ ਸਿੰਘ ਬੈਠ ਕੇ ਸਾਰਾ ਪਾਠ ਸੁਣਿਆ ਕਰਦੇ ਸਨ। ਅੰਮ੍ਰਿਤ ਅਭਿਲਾਖੀ ਸਾਰਾ ਸਾਰਾ ਪਾਠ ਣਸੁਕੇ ਅਮ੍ਰਿਤ ਦੀ


www.AKJ.org

ਦਾਤ ਪ੍ਰਾਪਤ ਕਰ ਸਕਿਆ ਕਰਦੇ ਸਨ, ਪਰ ਜੇ ਅਜ ਕੋਈ ਸਾਰਾ ਪਾਠ ਬੈਠ ਕੇ ਸੁਣਨਾ ਚਾਹੇ ਤੇ ਸਾਡੇ ਪਾਠੀ ਜਨ(ਇਹ ਪਾਠੀਆਂ ਦੀ ਦੂਜੀ ਕਿਸਮ ਹੈ) ੬੦-੭੦ ਦੀ ਰਫ਼ਤਾਰ ਤੇ ਪਾਠ ਕਰੀ ਜਾਣ ਤਾਂ ਸੁਣਨ ਵਾਲੇ ਨੇ ਕੀ ਸੁਣਿਆ ?

ਸਾਡੇ ਵਡੇ ਵਡੇ ਪਾਠੀ ਜਿਨ੍ਹਾਂ ੬੦—੭੦ ਦੀ ਰਫ਼ਤਾਰ ਤੇ ਪਾਠ ਕਰ ਸਕਣ ਦਾ ਮਾਣ ਹੈ, ਇਹ ਅਸੂਲ ਮਨੋਵਿਗਿਆਨ ਦਾ ਭੁਲ ਰਹੇ ਹਨ ਕਿ ਕਿਸੇ ਮਨ ਉਤੇ ਅਸਰ ਪਾਉਣ ਲਈ ਜ਼ਰੂਰੀ ਹੈ ਕਿ ਪਾਠ ਸ਼ੁਧ ਤੇ ਸਪਸ਼ਟ ਉਸ ਨੂੰ ਸੁਣਾਇਆ ਜਾਏ। ਤਾਕਿ ਪਾਠ ਸੁਣਦਿਆਂ ਹੀ ਅਰਥਾਂ ਦੀ ਸੋਝੀ ਸਰੋਤੇ ਨੂੰ ਪੈਂਦੀ ਜਾਏ। ੩੦-੩੫ ਅੰਗਾਂ ਤੋਂ ਵਧ ਫੀ ਘੰਟਾ ਪਾਠ ਸੁਣਦੇ ਹੋਏ, ਸ਼ਬਦ ਵਿਚ ਚਲ ਰਹੇ ਮਜ਼ਮੂਨ ਤੇ ਖਿਆਲਾਤ ਦੇ ਬਹਾਓ ਨੂੰ ਇਤਨੀ ਤੇਜ਼ੀ ਨਾਲ ਸਮਝ ਸਕਣਾ ਆਮ ਮਨ ਲਈ ਕੋਈ ਮਾਮੂਲੀ ਖੇਡ ਨਹੀਂ,ਤੇ ਸਾਨੂੰ ਚਾਹੀਦਾਂ ਹੈਕਿ ਅਸੀ ਸਮਝੀਏ ਮਨ ਦੀ ਇਸ ਲਿਮਿਟ ਨੂੰ। ਪਾਠ ਨੂੰ ਵਿਚਾਰ ਕੇ ਪੜੀਏ ਸੁਣੀਏ। ਜੇ ਪਾਠ ਹੋ ਰਿਹਾ ਹੋਵੇ ੬੦ ਦੀ ਰਫ਼ਤਾਰ ਤੇ, ਤਾਂ ਸਰੋਤਾ ਤਾਂ ਰਹਿ ਗਿਆ ਕਿਧਰੇ ਸ਼ਕ ਹੈਕਿ ਪਾਠੀ ਆਪ ਵੀ ਪਾਠ ਨੂੰ ਵਿਚਾਰਕੇ ਪੜ੍ਹ ਰਿਹਾ ਹੋਵੇ। ਹਾਂ ਇਹ ਮਨ ਸਕਦੇ ਹਾਂ ਕਿ ਪਾਠ ਉਸਨੂੰ ਕਾਫੀ ਸਰਲ ਹੋ ਚੁਕਾ ਹੈ ਤੇ ਉਹ ਧਿਆਨ ਲਾਂਭੇ ਕਰਕੇ ਵੀ ਪਾਠ ਕਢ ਸਕਦਾ ਹੈ ੬੦—੭੦ ਦੀ ਰਫਤਾਰ ਤੇ ਪਾਠ ਸੁਣ ਕੇ ਸਮਝਣਾ ਤਾਂ ਅਸੰਭਵ ਹੈ ਹੀ, ਪੜ੍ਹ ਕੇ ਸਮਝਣਾ ਵੀ ਅਸੰਭਵ ਹੈ।

ਭੋਗ ਜਲਦੀ ਪਾਕੇ ਫਿਰ ਵੀ ਤਾਂ ਗੁਰਬਾਣੀ ਦਾ ਹੀ ਕੀਰਤਨ ਕਰਨਾ ਹੈ ਤੇ ਹੁਣ ਵੀ ਗੁਰਬਾਣੀ ਦਾ ਪਾਠ ਹੀ ਹੋ ਰਿਹਾ ਹੈ, ਫ਼ਿਰ ਇਸ ਪਾਠ ਨੂੰ ਸਮਝ ਸਮਝਾਕੇ ਕਿਉਂ ਨ ਕੀਤਾ ਜਾਵੇ ਤਾਕੇ ਸਾਡੇ ਮਨ ਤੇ ਅਸਰ ਪਵੇ,ਇਸ ਲਿਖਤ ਤੋਂ ਇਹ ਅੰਦਾਜ਼ਾ ਨ ਲਗਾਇਆ ਜਾਵੇ ਕਿ ਕੀਰਤਨ ਦੀ ਮਹੱਤਤਾ ਨੂੰ ਘਟ ਸਮਝ ਰਿਹਾ ਹੈ ਦਾਸ। ਕੀਰਤਨ ਨਿਰਮੋਲਕ ਹੀਰਾ ਇਸੇ ਲਈ ਹੈ ਕਿ ਸੰਗੀਤ ਵਿਚ ਗਾਇਨ ਕੀਤੀ ਜਾ ਰਹੀ ਮਧੁਰ ਚਾਲ ਵਿਚ ਸੁਣਾਈ ਜਾ ਰਹੀ ਗੁਰਬਾਣੀ ਛੋਗੀ ਤੇ ਤੀਖਣ ਅਸਰ ਰਖਦੀ ਹੈ ਮਨ ਤੇ ਸੋਝੀ ਜੋ ਪੈ ਰਹੀ ਹੁੰਦੀ ਹੈ ਨਾਲ ਦੇ ਨਾਲ ਮਨ ਨੂੰ ਵਿਚਾਰਣ ਦਾ ਸਮਾ ਮਿਲਦਾ ਰਹਿੰਦਾ ਹੈ ਮਧੁਰ ਚਾਲ ਦੇ ਕਾਰਨ-ਤੇ ਪਾਠ ਵੀ ਮਧੁਰ ਲੈ ਵਿਚ ਕੀਤਾ ਹੋਇਆ ਕੀਰਤਨ ਵਰਗਾ ਅਸਰ ਬਖਸ਼ਦਾ ਹੈ ) ਆਖਰ ਅਸੀਂ ਅਖੰਡ ਪਾਠ ਸਾਹਿਬ ਅਸਰ ਹਾਸਲ ਕਰਨ ਵਾਸਤੇ ਹੀ ਸੁਣਨਾ ਚਾਹੁੰਦੇ ਹਾਂ ਨ, ਕਿ ਇਹ ਕੋਈ ਗੁਰੂ ਸਾਹਿਬ ਤੇ ਟੈਸਟ ਪਾਉਣਾ ਹੈ ਕਿ ਭਾਵੇਂ ਅਸੀਂ ਸੁਣ ਸਕੀਏ ਜਾਂ ਨਾ ਸੁਣ ਸਕੀਏ ਗੁਰੂ ਸਾਹਿਬ ਆਪਣੀ ਪਾਰਸ ਕਲਾ ਵਰਤਾਕੇ ਸਾਡਾ ਕਾਰਜ ਰਾਸ ਕਰ ਦੇਣ ?

## ਸਾਡੀ ਦਸ਼ਾ

ਸਾਡੀ ਇਹ ਦਸ਼ਾ ਹੋ ਗਈ ਹੈ ਕਿ ਅਜ ਅਸੀਂ ੧੦੧ ਰੁਪੈ ਗੁਰਦੁਆਰਾ ਸਾਹਿਬ ਵਿਖੇ ਦੇ ਆਉਂਦੇ ਹਾਂ ਤੇ ਤੀਜੇ ਦਿਨ ਭੋਗ ਤੇ ਉਥੇ ਪਹੁੰਚ ਜਾਂਦੇ ਹਾਂ। ਕਈ ਇਤਿਹਾਸਕ ਗੁਰਦੁਆਰਿਆਂ ਵਿਚ ਇਕ ਇਕ ਵਕਤ ਤੇ ਚਾਰ ਚਾਰ ਸ੍ਰੀ ਅਖੰਡ ਪਾਠ ਸਾਹਿਬ ਚਲ ਰਹੇ ਹੁੰਦੇ ਹਨ, ਪਾਠੀ ਕਰ ਰਹੇ ਨੇ ਪਾਠ ਸਰੋਤਾ ਕੋਈ ਵੀ ਨਹੀਂ।

ਪ੍ਰਚਾਰ ਦੇ ਇਨਾਂ ਮਨੋ ਵਿਗਿਆਨ ਰਹਿਤ ਤੌਰ ਤਰੀਕਿਆਂ ਦੇ ਕਾਰਨ ਸਾਨੂੰ ਅਜ ਜਾਚ ਹੀ ਭੁਲ ਗਈ ਹੈ ਕਿ ਬਾਣੀ ਨੂੰ ਮਨ ਲਾ ਕੇ ਪੜ੍ਹਨਾ,


www.AKJ.Org

ਸੁਣਨਾ ਤੇ ਸਮਝਣਾ ਕਿਵੇਂ ਹੈ ਜੇ ਕਿਧਰੇ ਭੁਲ ਭੁਲੇਖੇ ਨਿਤਨੇਮ ਕਰ ਵੀ ਲਈਏ ਤਾਂ ਅਪਣਾ ਕੀਤਾ ਹੋਇਆ ਨਿਤਨੇਮ ਵੀ ਅਸੀਂ ਸੁਣ ਨਹੀਂ ਰਹੇ ਹੁੰਦੇ (ਸਾਡੇ ਮਨਾਂ ਵਿਚ ਤਾਂ ਇਹ ਬਿਠਾ ਦਿਤਾ ਗਿਆ ਹੈ ਕਿ ਪਾਠ ਸੁਣੋ ਜਾਂ ਨਾ, ਹੋ ਰਿਹਾ ਹੈ ਤਾਂ ਉਸ ਦਾ ਅਸਰ ਜ਼ਰੂਰ ਹੋਵੇਗਾ) ਵਿਚਾਰ ਨਹੀਂ ਰਹੇ ਹੁੰਦੇ, ਪਾਠ ਦਾ ਸਾਡੇ ਤੇ ਅਸਰ ਕੀ ਹੋਵੇ ਇਸੇ ਕਰਕੇ ਭਾਵੇਂ ਅਸੀਂ ਰੋਜ਼ ਆਸਾ ਜੀ ਦੀ ਵਾਰ ਵਿਚ ਪੜ੍ਹਦੇ ਹਾਂ 'ਲਖ ਟਕਿਆਂ ਕੇ ਮੁੰਦੜੇ ਲਖ ਟਕਿਆਂ ਕੇ ਹਾਰ। ਜਿਤ ਤਨ ਪਾਈਐ ਨਾਨਕਾ ਸੇ ਤਨ ਹੋਵੈ ਛਾਰ' ਪਰ ਚੂੰਕਿ ਵੀਚਾਰ ਨਹੀਂ ਕਰਦੇ, ਹੁੰਦਾ ਕੀ ਹੈ? ਸਾਰੇ ਗਹਿਣੇ ਪਾਈ ਫ਼ਿਰਦੇ ਨੇ ਹਜ਼ਾਰਾਂ ਰੁਪਿਆਂ ਦੇ ਆਪਣੀਆਂ ਧੀਆਂ ਭੈਣਾਂ ਇਸਤਰੀਆਂ ਨੂੰ।

ਪਾਠਕ ਜਨ ਇਹ ਟਪਲਾ ਨ ਖਾ ਜਾਣ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੁਆਰਾ ਵਰਤਦੀ ਕਲਾ ਕ੍ਰਿਸ਼ਮਾ ਦੇ ਕਾਇਲ ਨਹੀਂ। ਅਸੀਂ ਪੂਰਨ ਤੌਰ ਤੇ ਕਾਇਲ ਹਾਂ ਕਿ ਗੁਰ ਮਰਯਾਦਾ ਅਨੁਸਾਰ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਤੁਫ਼ੈਲ ਬਹੁਤ ਬਹੁਤ ਵਡੀਆਂ ਕਰਾਮਾਤਾਂ, ਕਲਾ ਕ੍ਰਿਸ਼ਮੇ ਵਰਤ ਜਾਂਦੇ ਹਨ, (ਅਣਡਿਠੀ ਦੁਨੀਆਂ ਵਿਚ ਭੂਤ ਨੂੰ ਤਾਰਣ ਵਾਲੀ ਵਾਰਤਾ ਵਰਨਣ ਯੋਗ ਹੈ) ਪਰ ਗੁਰਮਰਯਾਦਾ ਹੀ ਤਾਂ ਇਹ ਕਹਿੰਦੀ ਹੈ ਕਿ ਪਾਠ ਨੂੰ ਵਿਚਾਰ ਕੇ ਪੜ੍ਹੋ ਤੇ ਸੁਣੋ ਨਾਕਿ "ਨ ਪੜ੍ਹੋ ਨ ਸੁਣੋ ਨ ਵਿਚਾਰੋ ਤੇ ਪਾਠ ਆਪੇ ਹੋ ਗਿਆ ਤੇ ਫਲ ਸਾਨੂੰ ਮਿਲ ਗਿਆ ਕਰਾਮਾਤ ਵਰਤਦੀ ਹੈ ਪਰ ਯਾਦ ਰਹੇ ਕਿਸ਼ੇ ਗੁਰੂ ਸਾਹਿਬ ਨੇ ਵੀ ਕਾਰਮਾਤ ਵਰਤਾ ਕੇ ਜਗਤ ਨੂੰ ਨਹੀਂ ਮੋਹਿਆ ਜਾਂ ਪਿਛੇ ਲਾਇਆ ਸਗੋਂ ਕਰਾਮਾਤ ਵਰਤਾਉਣ ਦੀ ਨਿਖੇਧੀ ਕੀਤੀ ਤੇ ਹਰ ਇਕ ਨੂੰ ਦਲੀਲ ਨਾਲ ਵਸ਼ ਕੀਤਾ। ਦਲੀਲ ਵੀਚਾਰ ਤੋਂ ਬਗੈਰ ਆ ਹੀ ਨਹੀਂ ਸਕਦੀ ਤੇ ਇਸੇ ਤਰਾਂ ਗੁਰਮਤ ਦੀ ਵੀਚਾਰ ਵੀ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਨ ਤੇ ਸੁਣਨ ਤੋਂ ਬਗੈਰ ਨਹੀਂ ਆ ਸਕਦੀ "ਤਾਂ ਤੇ ਅਜ ਦੇ ਕਿੰਤੁਕੀ ਮਨ ਨੂੰ ਜਿਨਾ ਚਿਰ ਤੁਸੀ ਦਲੀਲ ਨ ਦਿਓਗੇ ਉਸਦਾ ਮਨਣ ਤੋਂ ਇਨਕਾਰੀ ਹੋਣਾ ਵਾਜਬ ਹੈ ਜਾਇਜ਼ ਹੈ, ਤੇ ਦਲੀਲ ਤੇ ਵੀਚਾਰ ਤੋਂ ਰਹਿਤ ਵਿਸ਼ਵਾਸ਼, "ਅੰਧਾ ਧੁੰਦ ਵਿਸ਼ਵਾਸ਼" ਵਿਚ ਗਰਦਾਨਿਆ ਜਾਂਦਾ ਹੈ।"

## ਇਸ ਦਾ ਇਲਾਜ ਕੀ ਹੈ

ਗੁਰੂ ਸਾਹਿਬ ਤੋਂ ਸਬਕ ਲਉ—ਮਨੋਵਿਗਿਆਨ ਦੀ ਵਰਤੋਂ ਕਰੋ—ਖਾਲਸਾ ਸਕੂਲਾਂ ਤੇ ਕਾਲਜਾਂ ਵਿਚ ਧਾਰਮਕ ਵਿਦਿਆ ਵੀ ਉਨ੍ਹਾਂ ਮਨੋਵਿਗਿਆਨਕ ਢੰਗਾਂ ਤੇ ਦਲੀਲ ਨਾਲ ਪੜਾਈ ਜਾਏ ਜਿਨ੍ਹਾਂ ਨਾਲ ਹੋਰ ਵਿਦਿਆ ਪੜ੍ਹਾਈ ਜਾਂਦੀ ਹੈ। ਪਨੀਰੀ ਮੁਢ ਤੋਂ ਹੀ train ਕਰਨੀ ਪਏਗੀ।

(੧) ਗੈਰ ਜ਼ਿਮੇਵਾਰੀ, ਗੁਰਮਤ ਤੋਂ ਸਖਣੇ, ਗੁਰਬਾਣੀ ਦੀ ਵੀਚਾਰ ਵਲੋਂ ਕੋਰੇ, ਐਸ਼ਵਰਜ ਵਿਚ ਪਏ, ਦੋ ਚਾਰ ਸ਼ਬਦ ਤੇ ਸਾਖੀਆਂ ਰਟ ਕੇ ਬਣੇ ਰਾਗੀਆਂ ਪਰਚਾਰਕਾਂ ਤੇ ਕਥਕੜਾਂ ਤੋਂ ਬਚੋ ਇਹ ਸਭ ਰੋਟੀਆਂ ਕਾਰਣ ਹਨ ਇਨ੍ਹਾਂ ਨੂੰ ਝੂਠ ਫੈਲਾਣ ਤੋਂ ਰੋਕੋ ਇਨ੍ਹਾਂ ਨੂੰ ਆਪ ਨੂੰ ਗੁਰਬਾਣੀ ਦੀ ਸੂਝ ਬੂਝ ਨਹੀਂ ਇਹ ਦੂਜਿਆਂ ਨੂੰ ਕੀ ਦੇਣਗੇ ਇਨ੍ਹਾਂ ਦੀ ਮਨੋਘੜਤ "ਗੀਤ ਸੁਣਾਉ ਰੀਤ" ਸਾਡੀ ਆਉਣ ਵਾਲੀ ਪਨੀਰੀ ਨੂੰ ਇਹ ਹੀ ਨ ਭੁਲਾ ਦੇਵੇ ਕਿ ਗੁਰਬਾਣੀ ਚੀਜ਼ ਹੀ ਕੀ ਹੈ।

(੨) ਪ੍ਰਚਾਰ ਦਾ ਬੀੜਾ ਪੜ੍ਹੇ ਲਿਖੇ ਸਜਣਾਂ ਨੂੰ


www.AKJ.Org

ਆਪ ਚੁਕਣਾ ਚਾਹੀਦਾ ਹੈ। ਸਟੇਜ ਤੇ ਖੜੋਤਾ ਜਾਂ ਬੈਠਾ ਪੁਰਸ਼ ਸੰਗਤ ਦੀ ਵੀਚਾਰ ਧਾਰਾ ਦੀ ਅਗਵਾਈ ਕਰ ਰਿਹਾ ਹੁੰਦਾ ਹੈ ਤੇ ਇਸੇ ਲਈ ਅਗਵਾਈ ਅਸੀਂ ਗੈਰ ਜ਼ਿਮੇਵਾਰ, ਗੁਰਮਤਿ ਦੀ ਸੂਝ ਬੂਝ ਤੋਂ ਕੋਰੇ, ਅਖੌਤੀ ਆਗੂਆਂ ਦੇ ਹਥ ਨਹੀਂ ਦੇਣਾ ਚਾਹੁੰਦੇ।

(੩) ਆਪਣੇ ਵਡੇ ਵਡੇ ਅਹੁਦਿਆਂ ਦੀਆਂ ਫੋਕੀਆਂ ਸ਼ਾਨਾਂ ਨੂੰ ਛਡਕੇ ਗੁਰਦੁਆਰਾ ਸਾਹਿਬ (ਆਤਮਕ ਪਾਠਸ਼ਾਲਾ) ਵਿਖੇ ਆਉਣ ਦੀ ਆਦਤ ਬਣਾਉ। ਤੁਹਾਡੇ ਤੋਂ ਛੋਟੇ ਤੁਹਾਨੂੰ ਵੇਖ ਵੇਖਕੇ ਗੁਰਦੁਆਰੇ ਆਉਣਗੇ-ਮਨੋਵਿਗਿਆਨ ਕਹਿੰਦਾ ਹੈ ਲੋਕ ਪਿਛਲਗ ਹੁੰਦੇ ਹਨ।

ਜੇਹੜਾ ਕੰਮ ਕੋਈ ਵਡਾ ਬੰਦਾ ਕਰਦਾ ਹੋਵੇਗਾ ਛੋਟੇ ਜ਼ਰੂਰ ਉਹੀ ਕੰਮ ਕਰਨਗੇ, ਤਾਂਤੇ ਵਡੇ ਅਹੁਦਿਆਂ ਤੇ ਬਿਰਾਜਮਾਨ ਸਿਖਾਂ ਨੂੰ ਸਮਝਾਉ (ਇਹ ਸਾਡੇ ਅਸਮਝ ਪ੍ਰਚਾਰਕਾਂ ਦੇ ਵਸ ਦਾ ਰੋਗ ਨਹੀਂ, ਈਸਾਈਆਂ ਵਾਂਗੂੰ ਬਹੁਤ ਪੜੇ ਲਿਖੇ ਤੇ ਜਾਣਕਾਰ ਪਰਚਾਰਕ ਪਰਚਾਰਕਾ ਹੀ ਇਸ ਕੰਮ ਨੂੰ ਕਰ ਸਕਦੇ ਹਨ।ਈਸਾਈਆਂ ਦਾ ਪੈਂਫਲਟ Pamphlet-distribution system ਸ਼ਲਾਘਾ ਤੇ ਸਿਖਣ ਯੋਗ ਹੈ ਇਸ ਸੰਬੰਧ ਵਿਚ) ਕਿ ਉਹ ਮਨੋਵਿਗਿਆਨ ਦੇ ਇਸ ਅਸੂਲ ਨੂੰ ਸਮਝਣ ਤੇ ਦਾੜ੍ਹੀਆਂ ਕਟਣ ਦੀ ਇਸ ਮਾਰੂ ਹਰਕਤ ਨੂੰ ਬੰਦ ਕਰਨ। ਪੰਥਕ ਜ਼ਿੰਮੇਵਾਰੀ ਨੂੰ ਅਪਣੀ ਨਿਜੀ ਸੁਸਤੀ ਤੇ ਐਸ਼ਵਰਜ ਉਤੋਂ ਕੁਰਬਾਨ ਨ ਕਰਨ, ਸਗੋਂ ਇਸ ਫਰਜ਼ ਨੂੰ ਪਛਾਣਨ ਤੇ ਹਜ਼ਾਰਾਂ ਨੂੰ ਕੁਰਾਹੇ ਪਾਉਣ ਦੇ ਪਾਪ ਤੋਂ ਬਚਣ।

(੪) ਵਡਿਆਂ ਦੇ ਗੁਰਦੁਆਰੇ ਆਉਣ ਨਾਲ ਵਡੇ ਛੋਟੇ ਇਕ ਦੂਜੇ ਦੇ ਨੇੜੇ ਹੋਣਗੇ ਜਿਸ ਦੇ ਫਲ ਸਰੂਪ ਵਡਿਆਂ ਦੀ ਹਉਮੈ ਘਟੇਗੀ (ਇਹ ਮਨੋ-ਵਿਗਿਆਨਕ ਅਸੂਲ ਗੁਰੂ ਪਾਤਸ਼ਾਹ ਨੇ ਬਹੁਤ ਵਰਤਿਆ—ਲੰਗਰ ਵਿਚ ਰੋਟੀ ਖਾਏ ਬਿਨਾ ਬਾਦਸ਼ਾਹ ਨੂੰ ਦਰਸ਼ਨ ਨ ਮਿਲਣੇ—ਤਾਕਿ ਉਹ ਸਭ ਦੇ ਨਾਲ ਬੈਠੇ) ਗਿਆਨ ਵਧੇਗਾ ਤੇ ਛੋਟਿਆਂ ਦੇ ਮਨ ਵਿਚ ਵਡਿਆਂ ਵਿਰੁਧ ਵੀਚਾਰ ਬਦਲਣਗੇ, ਪਿਆਰ ਵਧੇਗਾ, ਸੰਤੁਸ਼ਟਤਾ ਆਵੇਗੀ ਸੰਤੁਸ਼ਟ ਮਨ ਗੁਰਬਾਣੀ ਨੂੰ ਵਧੇਰੇ ਵਿਚਾਰਣ ਦੀ ਕੋਸ਼ਿਸ਼ ਕਰੇਗਾ।

(੫) ਮਨੁਖੀ ਮਨ, ਜੀਵਨ ਦੇ ਹਰ ਪਹਿਲੂ ਤੋਂ ਨਿਤ ਨਵੀਨਤਾ ਦੀ ਆਸ ਰਖਦਾ ਹੈ ਤਾਂਤੇ ਕੀਰਤਨੀਏ ਨਿਤ ਨਵਾਂ ਸ਼ਬਦ ਸੰਗਤ ਅਗੇ ਰਖਣ-ਚੌਥੇ ਦਿਨ ਉਸੇ ਸ਼ਬਦ ਦੀ ਵਾਰੀ ਆ ਜਾਏ ਤਾਂ ਮਨੁਖੀ ਮਨ ਕਹਿੰਦਾ ਹੈ ਭਾਈ ਜੀ ਦਾ ਕੀਰਤਨ ਅਸੀਂ ਸੁਣਿਆ ਹੋਇਆ ਹੈ ਗੁਰਦੁਆਰੇ ਜਾਣ ਦੀ ਕੀ ਲੋੜ ਹੈ।

(੬) ਅਜਿਹੀਆਂ ਸੁਰਾਂ ਦੀ ਵਰਤੋਂ ਹੋਵੇ ਜੋ ਸਾਦੀਆਂ ਹੋਣ (ਭਾਵੇਂ ਪਕੇ ਰਾਗਾਂ ਦੀਆਂ ਤੇ ਭਾਵੇਂ ਕਚੇ ਦੀਆਂ) ਤੇ ਸਭ ਨੂੰ ਸ਼ਬਦ ਦੀ ਇਕ ਇਕ ਤੁਕ ਦਾ ਇਕ ਇਕ ਅਖਰ ਸੁਣਾਈ ਦੇਵੇ (Charity impresses very fast)।

ਅਜ ਕਲ ਦੇ ਰਾਗੀ ਰਾਗ ਨੂੰ ਸਾਧਨ ਸਮਝਣ ਦੀ ਥਾਂ ਪਰਚਾਰ ਦਾ ਮਜ਼ਮੂਨ ਸਮਝੀ ਬੈਠੇ ਹਨ ਤੇ ਗੁਰਬਾਣੀ ਨੂੰ ਗੁਰੂ ਘਰ ਵਿਚ ਰਾਗ ਵਿਦਿਆ ਦਾ ਪ੍ਰਗਟਾ ਕਰਨ ਦਾ ਸਾਧਨ ਤੇ ਇਹੋ ਹੀ ਕਾਰਨ ਹੈ ਕਿ ਰਾਗ ਮਾਲਾ ਨੂੰ ਬਾਣੀ ਸਮਝੀ ਬੈਠੇ ਹਨ, ਹਾਲਾਂਕਿ ਗੁਰਬਾਣੀ ਵਿਚ ਸਾਫ ਲਿਖਿਆ ਹੈ ਕਿ—

"ਰਾਗ ਨਾਦ ਸਭ ਮੋਹ ਹੈ"


www.AKJ.Org

ਤੇ "ਰਾਗੇ ਨਾਦੈ ਬਾਹਰਾ" ਪਰ ਕਿਥੇ ! ਉਨਾਂ ਤਾਂ ਆਪਣਾ ਮਕਸਦ ਹਲ ਕਰਨਾ ਹੈ। ਕਿਸੇ ਨੂੰ ਸ਼ਬਦ ਦੀ ਤੁਕ ਸਮਝ ਆਵੇ ਜਾਂ ਨਾ ਆਵੇ, ਅਰਥ ਪਲੇ ਪੈਣ ਜਾ ਨਾ ਪੈਣ ਰਾਗ ਤਾਂ ਪਲੇ ਪਏਗਾ ਹੀ ਨ।

(੭) ਤੁਕ ਦੀ ਅਦਾਇਗੀ ਐਸੇ ਤਰੀਕੇ ਨਾਲ ਹੋਵੇ ਕਿ ਅਰਥ ਸਰੋਤੇ ਨੂੰ ਸਮਝ ਆ ਜਾਣ। ਇਹ ਕੀਰਤਨੀਏ ਦੀ ਅਦਾਇਗੀ ਤੇ ਵਧੇਰੇ ਨਿਰਭਰ ਹੈ ਕਿ ਸਰੋਤੇਦਾ ਮਨ ਕਿਧਰੇ ਨ ਜਾਏ ਤੇ ਕੀਰਤਨ ਵਿਚ ਜੁੜੇ।"

(੮) ਸਾਡੇ ਗੁਰਦੁਆਰਿਆਂ ਵਿਚ ਵਡੇ ਵਡੇ ਬੋਰਡ white based polytheleve Sheeted ਤੇ ਉਨਾਂ ਉਤੇ ਹਰ ਕੀਰਤਨ ਸਮਾਗਮ ਤੋਂ ਪਹਿਲੋਂ ਨਵੇਂ ਸ਼ਬਦਾਂ ਦੇ ਅਰਥ ਲਿਖੇ ਜਾਣ ਮੋਟੇ ਮੋਟੇ ਅਖਰਾਂ ਵਿਚ(ਇਕ ਪਾਸੇ ਜਪਜੀ ਸਾਹਿਬ ਦੇ ਅਰਥ ਅਰੰਭ ਦਿਤੇ ਜਾਣ, ਦੂਜੇ ਪਾਸੇ ਸੁਖਮਨੀ ਸਾਹਿਬ, ਤੀਜੇ ਬੋਰਡ ਤੇ ਹੁਕਮਨਾਮਾ ਅਰਥਾਂ ਸਮੇਤ ਇਤ-ਆਦ) ਇਸਤਰਾਂ ਸੰਗਤ ਅਗੇ ਆਉਣਗੇ ਨਿਤ ਨਵੇਂ ਸ਼ਬਦ ਤੇ ਉਹ ਵੀ ਅਰਥਾਂ ਸਮੇਤ। ਹਰਸ੍ਰੋਤੇ ਨੂੰ, ਗੁਰੂ ਘਰ ਵਿਚ ਪੰਜ ਮਿੰਟੀ ਫੇਰਾ ਪਾਣ ਵਾਲਿਆਂ ਨੂੰ ਵੀ, ਗੁਰਬਾਣੀ ਦੀ ਸੂਝ ਸੁਖੈਨ ਹੀ ਪੈ ਜਾਏਗੀ ਤੇ ਨਾਲੇ ਹੋਰ ਵਿਚਾਰ ਦਾ ਸ਼ੌਕ ਪੈਦਾ ਹੋਵੇਗਾ। ਇਹ ਕੰਮ ਮਿਹਨਤ ਮੰਗਦਾ ਹੈ, ਪਰ ਮਿਹਨਤ ਤੋਂ ਬਿਨਾ ਪਰਚਾਰ ਹੋ ਵੀ ਨਹੀਂ ਸਕਦਾ ਹੁਣ ? ਤੇ ਇਸ ਕੰਮ ਵਿਚ ਢਿਲ ਪਾਇਆਂ ਸਾਡੀ ਦਸ਼ਾ ਹੋਰ ਵੀ ਨਿਘਰ ਜਾਏਗੀ ਜਿਥੋਂ ਸ਼ਾਇਦ ਪਿਛਾਂ ਪ੍ਰਤਨਾ ਮੁਸ਼ਕਲ ਹੋ ਜਾਏ, ਇਸ ਲਈ ਸਾਨੂੰ ਹੁਣੇ ਹੀ ਇਹ ਤਰੀਕੇ (ਮਨੋਵਿਗਿਆਨਕ ਢੰਗ) ਵਰਤਨੇ ਪੈਣਗੇ ਜਿਸ ਨਾਲ ਗੁਰਦੁਆਰੇ ਵੜਦਿਆਂ ਹੀ ਗੁਰਬਾਣੀ ਤੇ ਇਸ ਦੀ ਵੀਚਾਰ ਜਗਿਆਸੂ ਦੇ ਅੰਦਰ ਵੜ ਜਾਏ ਨੇਤ੍ਰਾਂ ਤੇ ਕੰਨਾਂ ਰਾਹੀਂ।

(੯) ਅਖੰਡ ਪਾਠੀ ਸਿੰਘ ਪਾਠ ਨੂੰ ਵੀਚਾਰ ਕੇ ਕਰਨ ਦੀ ਆਦਤ ਪਾਉਣ, ਤੇਜ਼ ਪਾਠ ਦੀ ਬੇ ਅਦਬੀ ਹੈ।

(੧੦) ਭਾਵੇਂ ਇਕ ਸਰੋਤਾ ਹੀ ਹੋਵੇ, ਪਾਠ ਸੁਣਾ ਕੇ, ਉਚੀ,ਤੇ ਸਮਝਾ ਕੇ ਕੀਤਾ ਜਾਏ,ਇਹ ਤਾਂ ਹੀ ਹੋ ਸਕਦਾ ਹੈ। ਜੇ ਪਾਠੀ ਖੁਦ ਪਾਠ ਸਮਝ ਕੇ ਕਰੇ, ਤਾਂ ਤੇ ਪਾਠੀਆਂ ਨੂੰ ਆਪਣੇ Spare time ਵਿਚ ਵੀ ਗੁਰਬਾਣੀ ਦੀ ਵੀਚਾਰ ਕਰਦੇ ਰਹਿਣਾ ਚਾਹੀਦਾ ਹੈ।

(੧੧) ਗੁਰਬਾਣੀ ਵਿਚ ਲਗਾਂ ਮਾਤਰਾਂ ਦੀ ਖਾਸ ਮਹੱਤਤਾ ਹੈ ਤਾਂ ਤੇ ਇਕ ਤੁਕ ਦੇ ਅਰਥ ਇਕ ਹੀ ਹੋ ਸਕਦੇ ਹਨ, ਇਸ ਲਈ ਗੁਰਬਾਣੀ ਦੇ ਪਰਮਾਣੀਕ ਅਰਥ ਸਭ ਨੂੰ ਪੜਨੇ ਚਾਹੀਦੇ ਹਨ (ਇਕ ਇਕ ਤੁਕ ਦੇ ਅਠਾਰਾਂ ੨ ਅਰਥ ਕਢਣ ਵਾਲੀਆਂ ਸੰਸਥਾਵਾਂ। ਪਰਚਾਰਕਾਂ ਨੂੰ ਠਲ ਪਾਓ, ਇਹ ਤਾਂ ਮਨ ਨੂੰ ਭੰਬਲ ਭੂਸੇ ਵਿਚ ਪਾਈ ਜਾਂਦੇ ਹਨ- confuse ਕਰ ਰਹੇ ਹਨ)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ "ਲਗਾਂ ਮਾਤਰਾਂ ਦੀ ਵਿਲਖਣਤਾ" ਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਲਿਖਤ "ਗੁਰਬਾਣੀ ਗਰਾਮਰ" (ਇਹ ਪੁਸਤਕ ਵੀ ਲਗਾਂ ਮਾਤਰਾਂ ਦੀ ਮਹਤਤਾ ਬਾਰੇ ਹੀ ਹੈ) ਤੇ ਗੁਰੂ ਗ੍ਰੰਥ ਦਰਪਣ ਹਰ ਇਕ ਵਿਚਾਰਵਾਨ ਸਿੰਘ ਨੂੰ ਜ਼ਰੂਰ ਪੜਨੀਆਂ ਚਾਹੀਦੀਆਂ ਹਨ, ਤਾਕੇ ਗੁਰਮਤ ਦੇ ਵੀਚਾਰ ਅਸੂਲ ਸਾਡੀ ਸਮਝ ਵਿਚ ਆ ਜਾਣ ਯਾਦ ਰਹੇ ਕਿ "ਮਨ ਦਾ ਸੁਭਾਓ ਹੈ ਕਿ ਜਿਸ ਅਸੂਲ ਦੀ


www.AKJ.Org

ਸਮਝ ਪੈ ਜਾਏ ਉਸ ਤੇ ਵਧੇਰੇ ਚੰਗੀ ਤਰ੍ਹਾਂ ਅਮਲ ਕਰਦਾ ਹੈ ਅਣ ਸਮਝੇ ਅਸੂਲ ਦੀ ਨਿਸਬਤ"

(੧੨) ਗੁਰੂ ਗ੍ਰੰਥ ਦਰਪਣ ਚੂਕੇ ੧੫੦ ਰੁਪੈ ਭੇਟਾ ਦੀਆਂ ਸੰਚੀਆਂ ਹਨ-ਹਰ ਆਮ ਮਨੁਖ ਦੀ ਪਹੁੰਚ ਤੋਂ ਬਾਹਰ ਹਨ-ਇਸ ਲਈ ਹਰ ਗੁਰਦੁਆਰੇ ਵਿਚ ਇਕ ਗੁਰਮਤ ਪੁਸਤਕ ਦੀ ਧਾਰਮਕ ਲਾਇਬਰੇਰੀ ਚਾਲੂ ਕੀਤੀ ਜਾਏ ਤੇ ਉਥੇ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਦਰਪਣ ਦੀਆਂ ਦਸੇ ਸੰਚੀਆਂ ਮੰਗਵਾਈਆਂ ਜਾਣ ।

(੧੩) ਹਰ ਗੁਰਮਤ ਪ੍ਰਚਾਰਕ ਰਿਸਾਲੇ ਅਖ਼ਬਾਰ ਵਿਚ ਸ਼ਬਦਾਰਥਾਂ ਦਾ ਪੱਨਾ ਜ਼ਰੂਰ ਹੋਣਾ ਚਾਹੀਦਾ ਹੈ।

(੧੪) ਮਾਸ ਸ਼ਰਾਬ ਬਾਰੇ ਸਾਡੇ ਪ੍ਰਚਾਰਕ ਕੰਟਰੋਵਰਸਲ (controversal) ਮਜ਼ਮੂਨ ਕਹਿ ਕੇ ਕੁਝ ਕਹਿਣੋਂ ਹੀ ਸੰਕੋਚ ਕਰਦੇ ਹਨ। ਗੁਰਬਾਣੀ ਵਿਚ ਕੋਈ ਕੰਟਰੋਵਰਸਲ ਜਾਂ ਕੰਟਰਾਡਿਕਟਰੀ (ਵਿਰੋਧੀ) ਵਿਚਾਰਾਂ ਜਾਂ ਹੁਕਮ ਨਹੀਂ ਹਨ । ਇਨ੍ਹਾਂ ਬਾਰੇ ਸਾਫ ਸਪਸ਼ਟ ਵੀਚਾਰ ਨੂੰ ਵਧ ਚੜ੍ਹਕੇ ਪ੍ਰਚਾਰਿਆ ਜਾਏ। "ਝਟਕਾ ਮਾਸ' ਪੁਸਤਕ ਨੂੰ ਛੋਟੇ ਛੋਟੇ Pamphlets ਦੇ ਰੂਪ ਵਿਚ ਫਰੀ ਵੰਡਿਆ ਜਾਏ ਥਾਂ ਥਾਂ ਤੇ, ਹਰ ਗੁਰਦੁਆਰੇ ਵਿਚ ਹਰ ਪ੍ਰੋਗਰਾਮ ਤੋਂ ਬਾਦ ਵੰਡਿਆ ਜਾਏ। ਇਹ ਦਲੀਲ ਭਰਪੂਰ ਵਿਚਾਰਾਂ ਸੰਗਤਾਂ ਅਗੇ ਬਾਰ ਬਾਰ ਰਖੇ ਜਾਣ-(ਇਕ ਕਿਸਮ ਦੀ ਘੜੀ ਘੜੀ ਡੋਂਡੀ ਪਿਟੀ ਗਈ)ਮਨੋਵਿਗਿਆਨ ਕਹਿੰਦਾ ਹੈ ਕਿ ਜ਼ਰੂਰ ਜਨ ਸਾਧਾਰਨ ਇਸ ਗਲ ਨੂੰ ਪ੍ਰਵਾਨ ਕਰੇਗਾ—

(੧੫) ਕੇਸਾਂ ਦੇ ਅਦਬ ਬਾਰੇ, ਮਾਸ ਬਾਰੇ, ਸ਼ਰਾਬ ਬਾਰੇ, ਤੰਬਾਕੂ ਬਾਰੇ-ਗੁਰਮਤ ਅਸੂ ਦੇਲਾਂ ਨਾਲ ਨਾਲ ਅਜ ਦੀ Scentific ਤੇmedical ਵੀਚਾਰ ਧਾਰਾ ਵੀ ਸੰਗਤਾਂ ਅਗੇ ਰਖੀ ਜਾਏ ਤੇ ਗੁਰਮਤਿ ਅਸੂਲ ਨੂੰ ਇਨ੍ਹਾਂ ਦੇ ਅਧਾਰ ਤੇ ਸਿਧ ਕੀਤਾ ਜਾਏ।Free pamphlets (ਤੇ ਉਹ ਵੀ ਦਿਲ ਖਿਚਵੇਂ ਢੰਗ ਨਾਲ ਛਾਪੇ ਹੋਏ) ਦਵਾਰਾ, ਤੇ ਸਮੇਂ ਸਮੇਂ ਸੰਗਤਾਂ ਵਿਚ ਸੁਣਾ ਕੇ ਵੀ-ਇਹ ਮਜ਼ਮੂਨ ਅਜਿਹੇ ਲਾਜੀਕਲ ਤਰੀਕੇ ਨਾਲ ਪੇਸ਼ ਕੀਤੇ ਜਾਣ ਕਿ ਹਰ ਮਨ ਖੁਦ ਹੀ ਪਰਵਾਨ ਕਰ ਲਏ ਇਨ੍ਹਾਂ ਅਸੂਲਾਂ ਨੂੰ—Today the mind wants, for every thing, a acientific approach and logical explantion,

(੧੬) ਸਾਡੇ ਗੁਰਮਤ ਪ੍ਰਚਾਰਕ ਰਿਸਾਲਿਆਂ ਵਿਚ ਹਰ ਗੁਰਮਤ ਪ੍ਰਚਾਰਕ ਰਸਾਲੇ ਦੀ ਦਿਖ ਤੋਂ ਸੰਪਾਦਕ ਅਜਿਹਾ ਹੋਣਾ ਚਾਹੀਦਾ ਹੈ ਵੇਖਦੇ ਸਾਰ ਖਾਹ ਮਖਾਹ ਚੁਕ ਕੇ ਪੜ੍ਹਨ ਤੇ ਦਿਲ ਕਰ ਪਵੇ ਕੋਈ ਅਜਿਹਾ ਮਜ਼ਮੂਨ ਨ ਛਪੇ ਜਿਹੜਾ ਮਨੋਵਿਗਿਆਨ, Lagic ਤੇ ਦਲੀਲ ਦੀ ਕਸਵਟੀ ਉਤੇ ਪੂਰਾ ਨ ਉਤਰਦਾ ਹੋਵੇ। ਤੇ ਇਸ ਗਲ ਦਾ ਖਾਸ ਧਿਆਨ ਰਖਿਆ ਜਾਵੇ ਕਿ ਗੁਰਬਾਣੀ ਦੀ ਕੋਈ ਤੁਕ ਗਲਤ ਅਰਥਾਂ ਵਿਚ ਨ ਪੇਸ਼ ਹੋਵੇ, ਗੁਰਬਾਣੀ ਦੀ ਕਿਸੇ ਤੁਕ ਦੇ ਅਰਥ ਸਮੁਚੇ ਸ਼ਬਦ ਤੋਂ ਅਲਹਿਦਾ (Without reference to context) ਨਹੀਂ ਕਢੇ ਜਾਣੇ ਚਾਹੀਦੇ ਉਹ ਗਲਤ ਹੋ ਸਕਦੇ ਹਨ । ਤਾਂਤੇ ਕੇਵਲ ਪਰਮਾਣੀਕ ਅਰਥ ਹੀ ਠੀਕ ਮੰਨੇ ਜਾਣੇ ਚਾਹੀਦੇ ਹਨ ਤੇ ਕਿਸੇ ਤੁਕ ਦੀ ਵਰਤੋਂ ਤੋਂ ਪਹਿਲੇ ਪਰਚਾਰਕਾਂ ਲੇਖ਼ਕੀ ਨੂੰ ਇਸ ਤੁਕ ਦੇ ਅਰਥਾਂ ਦੀ ਤਸਲੀ ਕਰ ਲੈਣਾਂ ਚਾਹੀਦੀ ਹੈ ।


www.AKJ.Org

(੧੭) ਗੁਰਦੁਆਰਿਆਂ ਵਿਚ ਕਥਕੜਾਂ ਨੂੰ ਮਨਘੜਤ ਕਹਾਣੀਆਂ ਸੁਨਾਉਣ ਤੋਂ ਰੋਕਿਆ ਜਾਏ ਤੇ ਇਸ ਦੀ ਥਾਂ ਹੁਕਮਨਾਮੇ ਤੋਂ ਫੌਰਨ ਬਾਦ ਹੁਕਮਨਾਮੇ ਦੇ ਅਰਥ ਗੁਰੂ ਗ੍ਰੰਥ ਦਰਪਨ ਤੋਂ ਪੜ੍ਹ ਕੇ ਸੁਣਾ ਦਿਤੇ ਜਾਣ। ਤੇ ਅਧਾ ਘੰਟਾ ਮਨ ਘੜਤ ਕਹਾਣੀਆਂ ਦੀ ਥਾਂ ਗੁਰੂ ਗ੍ਰੰਥ ਦਰਪਣ ਤੋਂ ਸਿਲਸਲੇ ਵਾਰ ਅਰਥ ਆਰੰਭੇ ਜਾਣ।

(੧੮) ਉਪਰੋਕਤ ਸਾਰੇ ਢੰਗ Audio-visual Methed of teaching ਦੇ ਪਹਿਲੇ ਦੋ ਢੰਗ ਹੇਠ ਆ ਜਾਂਦੇ ਹਨ ਤੀਜਾ ਢੰਗ ਹੈ showing Practical (visual-2) ਤੇ ਇਹ Practical ਵਿਖਾਉਣ ਵਾਸਤੇ ਲੋੜ ਹੈ ਗੁਰ ਸਿਖਾਂ ਵਿਚ Practical ਜੀਵਨ ਦੀ, ਜਿਸ ਦੀ ਸਾਡੇ ਪ੍ਰਚਾਰਕਾਂ ਵਿਚ ਨਿਰੀ ਥੁੜ ਹੀ ਥੁੜ ਹੈ।

ਤਾਂ ਤੇ ਆਉ ਜੀ ! ਪਾਠਕ ਜਨੋ, ਹਰ ਗੁਰੂ ਕਾ ਲਾਲ ਮਨੋਵਿਗਿਆਨਕ ਢੰਗਾਂ ਨੂੰ ਅਪਨਾਉ ਤੇ ਆਪਨੇ Practical ਜੀਵਨ ਦੀ ਮਿਸਾਲ ਕਾਇਮ ਕਰਕੇ ਪਰਚਾਰ ਕਰੋ ਗੁਰਮਤ ਦਾ। ਜਦੋਂ ਤੁਸੀਂ ਅਪਨੇ ਸੰਗੀ ਸਾਥੀਆਂ ਦਾ ਮਨ ਜਿਤ ਲੈਂਦੇ ਹੋ ਗੁਰਮਤ ਪ੍ਰਚਾਰ ਸੁਖੈਨ ਹੋ ਜਾਂਦਾ ਹੈ।

ਇਹ ਸਭ ਕੁਝ ਇਸ ਲਈ ਕੀਤਾ ਜਾਣਾ ਜ਼ਰੂਰੀ ਹੈ ਕਿ ਸਾਡੀ ਤਾਜ਼ਾ ਪਨੀਰੀ ਸਮੇਤ, ਸਭ ਨੂੰ, ਪਤਾ ਲਗੇ ਕਿ ਸਾਡੇ ਆਪਣੇ ਧਰਮ ਵਿਚ ਹੀ ਕਿਤਨਾ ਹੀ ਗਿਆਨ ਪਦਾਰਥ ਪਿਆ ਹੈ (ਗੁਰੂ ਗ੍ਰੰਥ ਸਾਹਿਬ ਜੀ ਵਿਚ ਤੇ ਕਿਤਨਾ ਸੁਖਾਂ ਦਾ ਸਾਗਰ ਹੈ ਗਰਮੁਤ ਮਾਰਗ, ਤਾਕੇ ਸਾਡੇ ਮਨ ਬਾਹਰ ਨ ਭਟਕਣ ਘਰ ਵਿਚੋਂ ਜਿਸ ਨੂੰ ਸਭ ਵਸਤੂ ਪ੍ਰਾਪਤ ਹੋਵੇ ਕੇਵਲ ਉਹ ਬਾਹਰ ਭਾਲਣ ਤੋਂ ਰੁਕ ਸਕਦਾ ਹੈ। ਜੇ ਘਰ ਵਿਚੋਂ ਹੀ ਮਨ ਨੂੰ ਸ਼ਾਂਤੀ ਪਰਾਪਤ ਹੋ ਸਕੇ ਤਾਂ ਸਾਡੇ ਹੋਨਹਾਰ ਬਾਹਰ ਨ ਭਟਕਣ, ਜਿਥੇ ਉਨ੍ਹਾਂ ਨੂੰ ਸ਼ਾਂਤੀ ਤਾਂ ਪਰਾਪਤ ਹੋਣੀ ਨਹੀਂ ਤੇ ਪਤਤ ਵੀ ਉਹ ਹੋ ਜਾਂਦੇ ਹਨ, ਤੇ ਇਹ ਢਹਿੰਦੀ ਕਲਾ ਨਿਤ ਵਧਦੀ ਜਾ ਰਹੀ ਹੈ। ਇਸ ਲਈ ਰੋਕੋ, ਰੋਕੋ ਰੋਕੋ ਇਸ ਢਹਿੰਦੀ ਕਲਾ ਨੂੰ ਆਪਣੇ ਗੁਰਮਤ ਅਨੁਸਾਰੀ ਜੀਵਨ ਦੀ ਜ਼ਿੰਦਾ ਮਿਸਾਲ ਕਾਇਮ ਕਰੋ।

ਪੰਥ ਵਿਚ ਬੜੇ ਮਨੋ ਵਿਗਿਆਨੀ ਹਨ ਆਸ ਹੈ ਉਹ ਖਾਸ ਤੌਰ ਤੇ ਪ੍ਰਚਾਰ ਦੇ ਮਨੋ ਵਿਗਿਆ-ਅਨਕ ਢੰਗਾਂ ਬਾਰੇ ਰੋਸ਼ਨੀ ਪਾਕੇ ਆਤਮਕ ਜੀਵਨ ਦੇ ਫੈਲਾਓ ਤੇ ਚੜ੍ਹਦੀ ਕਲਾ ਦਾ ਯਤਨ ਕਰਨਗੇ।

---

## ਕਲਗੀਧਰ ਨੰਬਰ

ਪਾਠਕਾਂ ਨੂੰ ਇਹ ਜਾਣਕੇ ਖ਼ੁਸ਼ੀ ਹੋਵੇਗੀ ਕਿ ਅਗਲੇ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸ਼ਵ ਦੇ ਮੌਕੇ ਤੇ ਅਸੀਂ ਖ਼ਾਸ ਨੰਬਰ ਪ੍ਰਕਾਸ਼ਿਤ ਕਰਨ ਦਾ ਉਦਮ ਕਰ ਰਹੇ ਹਾਂ।

ਲੇਖਕ ਵੀਰਾਂ ਤੇ ਭੈਣਾਂ ਨੂੰ ਖ਼ਾਸ ਬੇਨਤੀ ਹੈ ਕਿ ਉਹ ਛੇਤੀ ਹੀ ਸਾਨੂੰ ਆਪਣੇ ਲੇਖ ਭੇਜ ਦੇਣ।

ਦਾਸ—ਐਡੀਟਰ "ਸੂਰਾ"


www.AKJ.Org

# ਨਾਮ ਖੁਮਾਰੀ

(ਬੀਬੀ ਹਰਬੰਸ ਕੌਰ ਜੀ ਗਿਆਨੀ, ਗੁਨੀਆਣਾ ਮੰਡੀ)

ਵਿਸਰੁ ਨਾਹੀ ਦਾਤਾਰ, ਆਪਣਾ ਨਾਮੁ ਦੇਹੁ,
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ।
ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।

ਅਰਸ਼ਾਂ ਕੁਰਸ਼ਾਂ ਦੇ ਮਾਲਕ, ਮਿਹਰਾਂ ਬਖਸ਼ਸ਼ਾਂ ਦੇ ਖਜ਼ਾਨੇ, ਦੀਨ ਦੁਨੀ ਦੇ ਮਾਲਕ, ਗਰੀਬ ਨਿਵਾਜ਼ ਸ਼ਹਿਨਸ਼ਾਹ ਜਗਤ ਗੁਰੂ ਨਾਨਕ ਦੇਵ ਜੀ ਨੇ ਦੀਨਾ ਦੁਖੀਆਂ ਦੀ ਪੁਕਾਰ ਸੁਣਕੇ, ਧਰਮ ਦੀ ਰੱਖਿਆ ਅਤੇ ਅਗਿਆਨਤਾ ਦੀਆਂ ਜੜ੍ਹਾਂ ਪੁਟਣ ਲਈ ਤਲਵੰਡੀ ਵਿਚ ਅਵਤਾਰ ਧਾਰਿਆ, ਧਰਤੀ ਦੀ ਹਿਕ ਨੂੰ ਅਨਿਆਈ ਰਾਜਿਆਂ ਦੇ ਪਾਪਾਂ ਕਾਰਨ, ਪਾਪਾਂ ਦੀ ਅਗ ਨਾਲ ਸੜ ਰਹੀ ਸੀ, ਠੰਡਿਆਂ ਕੀਤਾ ।

ਗੱਲ ਕੀ ? ਜਗਤ ਗੁਰੂ ਨਾਨਕ ਦੇ ਜਨਮ ਲੈਣ ਦੀ ਢਿਲ ਸੀ ਕਿ ਪਾਪਾਂ ਰੂਪੀ ਧੁੰਦ ਤੇ ਅਗਿਆਨਤਾ ਦਾ ਅੰਧੇਰਾ ਇਸ ਤਰਾਂ ਦੂਰ ਹੋ ਗਿਆ ਜਿਵੇਂ ਸੂਰਜ ਦੇ ਨਿਕਲਣ ਨਾਲ ਰਾਤ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਪਾਪੀ ਮਨੁਖ ਸ਼ਹਿਨਸ਼ਾਹ ਦੇ ਪਰਤਾਪ ਅੱਗੇ ਟਿਕ ਨਾ ਸਕੇ। ਉਹਨਾਂ ਦੀਆਂ ਚੁਸਤੀਆਂ ਚਲਾਕੀਆਂ ਅਤੇ ਚਤਰਾਈਆਂ ਭੁਲ ਗਈਆਂ ਜਿਵੇਂ ਕਦੇ ਜਾਣਦੇ ਹੀ ਨਹੀਂ ਸਨ। ਜੋ ਜੋ ਮੇਰੇ ਸ਼ਹਿਨਸ਼ਾਹ ਨੂੰ ਮਿਲਿਆ, ਆਪਣੇ ਕੀਤੇ ਤੇ ਪਸ਼ਚਾਤਾਪ ਕਰਕੇ ਪੈਰੀਂ ਢਹਿ ਪਿਆ ਤੇ ਬਖਸ਼ਿਆ ਗਿਆ। ਇਸੇ ਲਈ ਤਾਂ ਗੁਰੂ ਨਾਨਕ ਬਖਸ਼ਸ਼ ਦੇ ਭੰਡਾਰ ਅਤੇ ਦਇਆ ਸਿੰਧਾ ਹਨ। ਜਿਨੀ ਨਿਮ੍ਰਤਾ ਤੇ ਪਿਆਰ ਆਪ ਨੇ ਦੁਨੀਆਂ ਨੂੰ ਦਿਖਾਇਆ, ਨਹੀਂ ਕੋਈ ਰਹਿਬਰ ਜਾਂ ਪੀਰ ਵਿਖਾ ਸਕਿਆ, ਇਸੇ ਲਈ ਮੁਸਲਮਾਨ ਪੀਰਾਂ ਨੇ ਵੀ ਆਪ ਨੂੰ 'ਪੀਰਾਂ ਦਾ ਪੀਰ ਨਾਨਕ ਕਹਿਕੇ ਉਚਿਆਂ ਚੁਕਿਆ।

ਇਹ ਕੋਈ ਲੁਕੀ ਛਿਪੀ ਗਲ ਨਹੀਂ ਕਿ ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿੱਚ ਹੀ ਅਸਚਰਜ ਖੇਲ ਰਚਾ ਦਿਤੇ ਸਨ। ਕਿਧਰੇ ਪੰਡਤ ਤੋਂ ਪੜਨ ਗਏ ਉਸਨੂੰ ਸਚ ਦਾ ਉਪਦੇਸ਼ ਦੇ ਕੇ ਤਾਰਿਆ ਤੇ ਕਿਧਰੇ ਮੌਲਵੀ ਨੂੰ ਅਲਫ ਅਲਾਹ ਦੇ ਅਰਥ ਸਮਝਾਕੇ ਤਾਰਿਆ। ਰਾਇ ਬੁਲਾਰ ਨੇ ਜਦੋਂ ਸਰਪ ਛਾਇਆ ਤੇ ਮੱਝੀਆਂ ਦੇ ਖੇਤ ਚਰਨ ਦਾ


www.AKJ.Org

ਤੇ ਮੁੜ ਹਰਾ ਹੋਣ ਦੇ ਕੌਤਕ ਨੂੰ ਅਖੀਂ ਤਕਿਆ, ਮਨ ਕਿਸੇ ਪਿਆਰ ਸਮੁੰਦਰ ਵਿਚ ਗੋਤੇ ਖਾਣ ਲਗ ਪਿਆ ਤੇ ਆਪਣਾ ਮਨ ਸਦਾ ਲਈ ਗੁਰੂ ਨਾਨਕ ਦੇ ਚਰਨਾਂ ਤੋਂ ਨਿਛਾਵਰ ਕਰ ਦਿਤਾ।

ਇਥੇ ਹੀ ਬਸ ਨਹੀਂ। ਮੋਦੀਖਾਨੇ ਵਿਚੋਂ ਸੁਲਤਾਨਪੁਰ ਜਾਕੇ ਲੱਖਾਂ ਮਣ ਅਨਾਜ ਗਰੀਬਾਂ ਤੇ ਭੁਖਿਆਂ ਨੂੰ ਤੇਰਾ, ਤੇਰਾ ਦੀ ਰਟ ਲਾਕੇ ਲੁਟਾਇਆ। ਸ਼ਕਾਇਤ ਕਰਨ ਤੇ ਸੁਲਤਾਨਪੁਰ ਦੇ ਲੋਧੀ ਨੇ ਹਿਸਾਬ ਮੰਗਿਆ ਤਾਂ ਫਿਰ ੫੦੦ ਰੁਪੈ ਵਧ ਗਏ ਜੋ ਸਕੇ ਪੁਤਰਾਂ ਤੇ ਆਪਣੇ ਮਹਿਲਾਂ ਨੂੰ ਨਹੀਂ ਦਿੱਤਾ। ਗਰੀਬਾਂ ਨੂੰ ਵੰਡ ਦਿਤਾ। ਇਸੇ ਲਈ ਤਾਂ ਗਰੀਬ ਨਿਵਾਜ਼ ਹੋਏ, ਆਪ ਤੋਂ ਬਿਨਾਂ ਕੌਣ ਗਰੀਬਾਂ ਨੂੰ ਪਿਆਰੇ।

ਹੁਣ ਬਾਬਾ ਜੀ ਨੇ ੩੨ ਸਾਲ ਦੀ ਉਮਰ ਵਿਚ ਘਰ ਬਾਰ ਛਡ ਦਿਤਾ। ਸਮਾਧੀ ਸੁਲਤਾਨਪੁਰ ਦੀਆਂ ਮੜ੍ਹੀਆਂ ਵਿਚਲਾ ਲਈ। ਇਖ ਟਕ ਅਡੋਲ ਬੈਠੇ ਰਹੇ। ਬਹੁਤੇਰੇ ਤਰਲੇ ਮੂੜ੍ਹ ਲੋਕਾਂ ਲਏ, ਕਿਸੇ ਬਾਬੇ ਨੂੰ ਬੌਰਾਨਾ ਤੇ ਕਿਸੇ ਪਾਗਲ ਆਖਿਆ ਤੇ ਕਿਸੇ ਮੌਲਵੀ ਨੇ ਭੂਤ ਕੱਢਣ ਦੀ ਕੋਸ਼ਿਸ਼ ਕੀਤੀ ਪਰ ਅੰਤ ਨੂੰ ਸਭ ਹਾਰ ਗਏ ਤੇ ਸ਼ਰਮਿੰਦਾ ਹੋਕੇ ਜਾਣਾ ਪਿਆ। ਫਿਰ ਬਾਬਾ ਜੀ ਵੇਈਂ ਨਦੀ ਵਿਚ ਅਲੋਪ ਹੋ ਗਏ। ਤਿੰਨ ਦਿਨ੍ਹਾਂ ਪਿਛੋਂ ਪ੍ਰਗਟ ਹੋਕੇ-ਦੁਨੀਆਂ ਦੇ ਉਧਾਰ ਕਰਨ ਲਈ ਕਮਰਕਸੇ ਕਰ ਲਏ।

ਸ਼ਹਿਨਸ਼ਾਹ ਜਗਤ ਗੁਰੂ ਨਾਨਕ ਸਾਹਿਬ ਨੇ ਦੁਨੀਆਂ ਦੇ ਭਲੇ ਲਈ ਜੋ ਜੋ ਕੁਝ ਕੀਤਾ, ਉਹ ਗਿਣਤੀ-ਮਿਣਤੀ ਤੋਂ ਬਾਹਰ ਹੈ। ਉਨਾਂ ਦਾ ਉਪਦੇਸ਼ ਸਿੱਧਾ ਸਾਦਾ ਸਭ ਦੇ ਸਹਿਜੇ ਸਮਝ ਆ ਜਾਣ ਵਾਲਾ ਹੈ (੧) ਨਾਮ (੨) ਦਾਨ, (੩) ਇਸ਼ਨਾਨ......ਜਦੋਂ ਅਸੀਂ ਇਹ ਤਿੰਨ ਅਖਰਾ ਉਪਦੇਸ਼ ਸੁਣਦੇ ਹਾਂ ਤਾਂ ਖੁਸ਼ੀ ਨਾਲ ਫੂਲੇ ਨਹੀਂ ਸਮਾਉਂਦੇ ਕਿ ਬਾਬਾ ਜੀ ਨੇ, ਸਾਡੇ ਲਈ ਕਿੰਨਾ ਸੌਖਾ ਤੇ ਸੁਖਾਵਾਂ ਰਾਹ ਦੱਸਿਆ ਹੈ ਕਰਤਾਰ ਨੂੰ ਮਿਲਣ ਦਾ।

ਇਸ ਤੋਂ ਪਹਿਲਾਂ ਸਿਧ, ਰਿਸ਼ੀ ਮੁਨੀ, ਭਗਤ ਕਿੰਨੇ ਸਰੀਰ ਨੂੰ ਕਸ਼ਟ ਦਿੰਦੇ ਫਿਰ ਵੀ ਉਨ੍ਹਾਂ ਦਾ ਦਾਤੇ ਨਾਲ ਮੇਲ ਹੋਣਾ ਯਾ ਨਾ ਹੋਣਾ ਪੱਕਾ ਨਿਸ਼ਚਾ ਧਾਰ ਕੇ ਕਿਹਾ ਨਹੀਂ ਜਾ ਸਕਦਾ ਸੀ। ਪਏ ਸਾਰੀ ੨ ਉਮਰ ਭਟਕਦੇ ਅੰਤ ਨੂੰ ਰੋਂਦੇ ਤੁਰ ਜਾਂਦੇ। ਪਰ ਸ਼ਹਿਨਸ਼ਾਹ ਬਾਬੇ ਦਾ ਉਪਦੇਸ਼ ਕਮਾਉਣ ਵਾਲੇ ਅਜ ਵੀ ਪੂਰਨ ਮਹਾਂਪੁਰਸ਼ ਦੀਆਂ ਸਾਡੇ ਸਾਹਮਣੇ ਜਿਉਂਦੀਆਂ ਜਾਗਦੀਆਂ ਮਿਸਾਲਾਂ ਹਨ ਜੋ ਸਦਾ ਇਕ ਰਸ ਰੰਗੇ ਰਹਿੰਦੇ ਹਨ, ਕਦੇ ਡੋਲਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ।

ਸੋ ਸਤਿਗੁਰੂ ਜੀ ਨੇ ਮਨ ਦੀ ਮਲੀਨਤਾ ਨੂੰ ਦੂਰ ਕਰਨ ਲਈ ਨਾਮ ਦਾ ਸਾਬਣ ਵਰਤਣ ਦਾ ਹੁਕਮ ਕੀਤਾ ਹੈ। ਨਾਮ ਜਪੀ ਜਾਣ ਨਾਲ ਇਕ ਦਿਨ ਜ਼ਰੂਰ ਆਵੇਗਾ ਜਦੋਂ ਇਕ ਸਾਧਾ-ਰਣ ਮਨੁਖ ਗੁਰਮੁਖ ਦਾ ਰੂਪ ਧਾਰਕੇ ਬ੍ਰਹਿਮ ਗਿਆਨੀ ਬਣ ਜਾਵੇਗਾ। ਪਰ ਨਾਮ ਸਾਵਧਾਨ ਤੇ ਇਕਾਰਾਗ ਚਿੱਤ ਨਾਲ ਜਪਣ ਦਾ ਹੁਕਮ ਕੀਤਾ ਹੈ। ਇਸ ਵਿਚ ਕੋਈ ਸ਼ਕ ਨਹੀਂ, ਮਨ ਬਾਂਦਰ ਵਾਂਗ ਚੰਚਲ, ਹਵਾ ਤੋਂ ਤੇਜ਼ ਹੈ ਪਰ ਸਤਿਗੁਰੂ ਦੇ ਚਰਨਾਂ ਚ ਬਾਰ ਬਾਰ ਅਰਦਾਸ ਇਸ ਨੂੰ ਵੀ ਨਾਮ ਦੀਆਂ ਕਰੜੀਆਂ ਜ਼ੰਜੀਰਾਂ ਅੰਦਰ ਜਕੜਕੇ ਬੈਠਾ ਦੇਵੇਗੀ ਫਿਰ ਇਹ ਆਪਣੀ ਮਰਜ਼ੀ ਨਾਲ ਕੁਝ ਨਹੀਂ ਕਰ ਕੇਸਗਾ।


www.AKJ.org

ਨਾਮ ਜਪਣਾ ਸਿਰਫ ਆਪ ਲਈ ਹੀ ਨਹੀਂ ਬਲਕਿ ਹੋਰਨਾਂ ਜਗਿਆਸੂਆਂ ਪਰੇਮੀਆਂ ਨੂੰ ਵੀ ਜਪਾਉਣਾ ਹੈ, ਦੂਜਿਆਂ ਨੂੰ ਨਾਮ ਜਪਾਉਣਾ ਹੀ ਸਭ ਤੋਂ ਵਡਾ ਦਾਨ ਹੈ। ਸਤਿਗੁਰੂ ਜੀ ਉਨ੍ਹਾਂ ਤੋਂ ਕੁਰਬਾਨ ਅਤੇ ਬਲਿਹਾਰ ਜਾਂਦੇ ਹਨ ਜੋ ਆਪ ਜਪਦੇ ਤੇ ਸਹੀ ਢੰਗ ਨਾਲ ਦੂਜਿਆਂ ਨੂੰ ਜਪਾਉਣ ਦੀ ਕੋਸ਼ਿਸ਼ ਵਿਚ ਲਗ ਜਾਂਦੇ ਹਨ।

ਸੋ ਇਹੋ ਦਾਨ ਹੀ ਸ੍ਰੇਸ਼ਟ ਹੈ ਤੇ ਸਤਿਗੁਰੂ ਦੀ ਬਖਸ਼ਸ਼ ਇਹੋ ਜੇਹੇ ਦਾਨੀਆਂ ਤੇ ਹੀ ਹੁੰਦੀ ਹੈ। ਬਾਕੀ ਦਾਨ ਭਾਵੇਂ ਭਲੇ ਹਨ ਕਿਉਂਕਿ ਦਿਆਵਾਨ ਹੀ ਦਾਨ ਕਰ ਸਕਦਾ ਹੈ। ਪਰ ਸਤਿਗੁਰੂ ਜੀ ਦੀ ਨੌਵੀ ਜੋਤਿ ਫੁਰਮਾਉਂਦੀ ਹੈ:—

ਤੀਰਥ ਬਰਤ ਅਰੁ ਦਾਨ ਕਰਿ,
ਮਨ ਮੈ ਧਰੈ ਗੁਮਾਨੁ।
ਨਾਨਕ ਨਿਹਫ਼ਲ ਜਾਤ ਤਿਹਿ,
ਜਿਉ ਕੁੰਚਰ ਇਸਨਾਨੁ।

ਸੋ ਸਿੱਧ ਹੋ ਗਿਆ ਕਿ ਸਭ ਤੋਂ ਵੱਡਾ ਤੇ ਸਰੇਸ਼ਟ ਦਾਨ ਜਿਸ ਬਾਬਤ ਸਤਿਗੁਰੂ ਜੀ ਫੁਰਮਾਉਂਦੇ ਹਨ ਉਹ ਹੈ "ਨਾਮ ਦਾਨ"। ਸੋ ਧੰਨ ਹਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰ ਵੀ ਮਹਾਨ ਹਸਤੀਆਂ ਜੋ ਇਧਰ ਉਧਰ ਲੱਗੀਆਂ ਹਨ ਜਿਨ੍ਹਾਂ ਨੇ ਸਾਰਾ ਜੀਵਨ ਭੁਲਿਆਂ ਭਟਕਿਆਂ ਨੂੰ ਸਿਧੇ ਰਾਹ ਤੇ ਲਿਆਉਣ ਲਈ ਲਾ ਦਿਤਾ ਤੇ ਜੋ ਲਾ ਰਹੇ ਹਨ।

ਨਾਮ ਨੂੰ ਸਾਵਧਾਨ ਹੋਕੇ ਜਪਣ ਲਈ ਇਸ਼ਨਾਨ ਬਹੁਤ ਜ਼ਰੂਰੀ ਹੈ, ਕਿਉਂਕਿ ਜੇ ਬਾਬਾ ਜੀ ਇਸ਼ਨਾਨ ਜ਼ਰੂਰੀ ਨਾ ਕਹਿੰਦੇ ਤੇ ਮਨੁਖ ਸਰੀਰ ਕਰਕੇ ਆਲਸੀ ਹੋ ਜਾਂਦਾ। ਜੇ ਸਰੀਰ ਨੂੰ ਨਾ ਸਾਫ ਤੇ ਸ਼ੁੱਧ ਕੀਤਾ ਜਾਵੇ ਤਾਂ ਇਸ ਵਿਚ ਆਲਸ ਤੇ ਦ੍ਰਿਦਰ ਵਧਦਾ ਹੈ। ਸੋ ਸਤਿਗੁਰੂ ਜੀ ਨੇ ਸਰੀਰ ਨੂੰ ਹੁਸ਼ਿਆਰ ਤੇ ਚੁਸਤ ਸਾਵਧਾਨ ਕਰਨ ਲਈ ਇਸ਼ਨਾਨ ਜ਼ਰੂਰੀ ਕਰਾਰ ਦਿਤਾ। ਬਾਹਰਲੀ ਨਿਰਮਲਤਾ ਲਈ ਇਸ਼ਨਾਨ ਅਤੇ ਮਨ ਦੀ ਨਿਰਮਲਤਾ ਲਈ ਨਾਮ ਜਪਣਾ ਜ਼ਰੂਰੀ ਹੈ। ਹੁਕਮ ਹੈ :—

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ,
ਮਨ ਤਨ ਭਏ ਅਰੋਗਾ।

ਸੋ ਕਈਆਂ ਦਾ ਵਿਚਾਰ ਹੈ ਨਾਮ ਜਪਣ ਲਈ ਇਸ਼ਨਾਨ ਜ਼ਰੂਰੀ ਨਹੀਂ, ਉਹ ਭੁਲੇਖੇ ਅੰਦਰ ਹਨ ਜੋ ਸਤਿ ਗੁਰੂ ਆਪ ਫੁਰਮਾ ਰਹੇ ਹਨ ਉਹ ਗੁਰਮੁਖਾਂ ਲਈ ਹੁਕਮ ਹੈ। ਬਾਕੀਆਂ ਦਾ ਕਹਿਣਾ ਹੀ ਕੀ ਹੈ।

ਬਾਕੀ ਸਤਿਗੁਰੂ ਜੀ ਨੇ ਬੰਦਗੀ ਕਰਨੀ ਹੀ ਸਭ ਤੋਂ ਵੱਡਾ ਧਰਮ ਗੁਰਬਾਣੀ ਅੰਦਰ ਦਰਸਾਇਆ ਹੈ ਤੇ ਕਿਹਾ ਹੈ ਕਿ ਪ੍ਰਾਣੀ ਤੂੰ ਲਾਹਾ ਲੈਣ ਆਇਆ ਹੈ ਤੇ ਐਵੇਂ ਭੈੜਿਆਂ ਕੰਮਾਂ ਵਿਚ ਲਗ ਕੇ ਜੀਵਨ ਨਾ ਗਵਾ ਬਲਕਿ ਨਾਮ ਜਪ ਕੇ ਜੀਵਨ ਨੂੰ ਸਫਲ ਬਣਾ।

ਇਸ ਲਈ ਸਾਡਾ ਸਭ ਭੈਣਾਂ, ਭਰਾਵਾਂ, ਜਗਿਆਸੂਆਂ ਦਾ ਫਰਜ਼ ਹੈ ਕਿ ਆਪਣੇ ਪਿਆਰੇ ਸਤਿਗੁਰੂ ਜੀ ਦੇ ਹੁਕਮ ਨੂੰ ਮੰਨ ਕੇ ਉਨ੍ਹਾਂ ਦੇ ਉਪਦੇਸ਼ ਨੂੰ ਕਮਾਉਣ ਲਈ ਕਮਰ ਕਸੇ ਕਰੀਏ।

ਨਿਰਾ ਉਹਨਾਂ ਦੇ ਜੀਵਨ ਦੀਆਂ ਸਾਖੀਆਂ ਹੀ ਨਾ ਪੜ੍ਹ ਪੜ੍ਹ ਕੇ ਖੁਸ਼ ਹੋਈਏ ਬਲਕਿ ਉਨ੍ਹਾਂ ਦੇ ਉਪਦੇਸ਼ ਨੂੰ ਹਿਰਦੇ ਵਿਚ ਵਸਾਈਏ। ਉਸ ਦਾਤੇ‡


www.AKJ.Org

# ਸਾਹਿਬਜ਼ਾਦਿਆਂ ਨਾਲ ਬੇ-ਇਨਸਾਫੀ

(ਭਾਈ ਮਾਲਿਕ ਸਿੰਘ ਜੀ B.Sc. ਕਾਨਪੁਰ)

ਪੋਹ ਦਾ ਮਹੀਨਾ ਹੈ। ਸਰਦੀ ਆਪਨੇ ਪੂਰੇ ਜੋਬਨਤਾ ਵਿਚ ਹੈ। ਸਰਸਾ ਨਦੀ ਦਾ ਕੰਢਾ ਰਣ ਭੂਮੀ ਬਨਿਆ ਪਿਆ ਹੈ। ਮੈਦਾਨੇ ਜੰਗ ਦੀ ਧਰਤੀ ਖੂਨ ਨਾਲ ਰੰਗੀ ਜਾ ਚੁਕੀ ਹੈ। ਸਰਸਾ ਨਦੀ ਦੀ ਪ੍ਰਬਲ ਤੇਜ਼ ਧਾਰਾ ਵਿੱਚ ਸੂਰਬੀਰ ਸਿੰਘਾਂ ਨੇ ਪ੍ਰਵੇਸ਼ ਕਰ ਦਿਤਾ ਹੈ। ਬਰਫ਼ ਵਰਗੇ ਸਰਸਾ ਦੇ ਸੀਤਲ ਜਲ ਅਤੇ ਚੰਦ੍ਰ ਮਾਹ ਦੀ ਅੰਧੇਰੀ ਰਾਤ, ਅਥਵਾ ਤਾਰਿਆਂ ਦੀ ਛਾਵਾਂ ਦੇ ਸਹਾਰੇ ਫੌਜਾਂ ਤੈਰ ਕੇ ਪਾਰ ਹੋ ਰਹੀਆਂ ਹਨ। ਨਦੀ ਦੀ ਤੇਜ਼ ਧਾਰਾ ਨੇ ਕੋਈਆਂ ਜੀਵਾਤਮਾਵਾਂ ਨੂੰ ਅਪਨੀ ਗੋਦ ਵਿਚ ਲਪੇਟ ਲਿਆ ਹੈ ਅਤੇ ਰਹਿੰਦੀ ਖਹਿੰਦੀ ਫੌਜ ਨੂੰ ਦੋ ਹਿਸਿਆਂ ਵਿਚ ਨਿਖੇੜ ਦਿਤਾ ਹੈ।

ਖਾਲਸਈ ਫੌਜ ਦੀ ਪਹਿਲੀ ਟੁਕੜੀ ਵਿਚ ਲਗ ਭਗ ਚਾਲੀਹ ਕੁ ਸਿੰਘ, ਦਸਮੇਸ਼ ਪਿਤਾ ਜੀ, ਪੰਜ ਪਿਆਰੇ, ਅਤੇ ਦੋ ਵਡੇ ਸਾਹਿਬਜ਼ਾਦੇ ਹਨ। ਰੋਪੜ ਤੋਂ ਹੋਦੇਂ ਹੋਇ ਫੌਜ ਸਮੇਤ ਸਤਿਗੁਰੂ ਜੀ ਚਮਕੌਰ ਜਾ ਪੁਜਦੇ ਹਨ। ਇਥੇ ਇਕ ਸ਼ਰਧਾਲੂ ਸਿਖ ਨੇ ਆਪਨੇ ਧੰਨ ਭਾਗ ਸਮਝਕੇ ਸਤਿਗੁਰੂ ਜੀ ਨੂੰ ਆਪਨੀ ਗੜ੍ਹੀ ਵਿਚ ਠਹਰਾ ਲਿਆ।

ਦੂਜੇ ਪਾਸੇ ਮਾਤਾ ਗੁਜਰੀ ਜੀ ਅਤੇ ਉਹਨਾਂ

---

‡ਦੇ ਚਰਨਾਂ ਵਿਚ ਅਰਦਾਸ ਕਰੀਏ, ਉਹ ਆਪ ਕ੍ਰਿਪਾ ਕਰਕੇ ਨਾਮ ਸਾਡਿਆਂ ਹਿਰਦਿਆਂ ਅੰਦਰ ਵਸਾ ਦੇਵੇ।

ਇਸ ਜਗਤ ਜਲੰਦੇ ਵਿਚ ਸਤਿਗੁਰੂ ਆਪ ਹੀ ਆਪਣੇ ਸੇਵਕਾਂ ਅਤੇ ਦਾਸਾਂ ਨੂੰ ਹੱਥ ਦੇ ਕੇ ਬਚਾ ਲੈਂਦੇ ਹਨ। ਤੱਤੀ ਵਾ ਵੀ ਕਲਜੁਗ ਦੀ ਉਨਾਂ ਨੂੰ ਪੋਹ ਨਹੀਂ ਸਕਦੀ। ਸਾਡਾ ਜਗਿਅ-ਸੂਆਂ, ਭੈਣਾਂ ਭਰਾਵਾਂ, ਗੁਰਮੁਖਾਂ ਦਾ ਸਭ ਤੋਂ ਵੱਡਾ ਧਰਮ ਹੈ ਕਿ ਅਸੀਂ ਆਪਣੇ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰੀਏ ਕਿ ਉਹ ਸਾਨੂੰ ਆਪਣੇ ਬਣਾ ਲਏ, ਮਾਇਆ ਨੂੰ ਮੋੜ ਚਰਨਾਂ ਨਾਲ ਜੋੜ ਲਏ, ਆਪਣੀ ਬਖਸ਼ਸ਼ ਨਾਲ ਹੀ ਸਾਕਤਾਂ ਦੇ ਸੰਗ ਤੋਂ ਬਚਾ ਗੁਰਮੁਖਾਂ, ਮਹਾਂਪੁਰਸ਼ਾਂ ਦਾ ਮੇਲ ਬਖਸ਼ੇ। ਜਦੋਂ ਅਸੀਂ ਇਹ ਅਰਦਾਸ ਸੱਚੇ ਮਨੋਂ ਕੀਤੀ ਤੇ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕੀਤੀ ਤਾਂ ਦਾਤੇ ਦੀ ਬਖਸ਼ਸ਼ ਨਾਲ ਹੀ ਆਪਣਾ ਨਵਾਂ ਪਤਾ ਦੇ ਦੇਵੇਗੀ। ਮੈਂ ਮੇਰੀ ਦੀ ਭਾਵਨਾ ਖਤਮ ਸਭ ਕੁਝ ਉਸੇ ਦੀ ਬਖਸ਼ਸ਼ ਨਜ਼ਰ ਆਵੇਗੀ ਸੋ ਅਰਦਾਸ ਹੀ ਗੁਰੂ ਦੇ ਸਿਖਾਂ ਲਈ ਸਭ ਤੋਂ ਜ਼ਰੂਰੀ ਹੈ। ਇਸੇ ਦਾ ਸਦਕਾ ਸਿੱਖ ਅਗਾਂਹ ਵਾਲੀਆਂ ਮੰਜ਼ਲਾਂ ਵਲ ਵਧ ਸਕਦਾ ਹੈ।


www.AKJ.org

ਨਾਲ ਸਾਹਿਬਾਂ ਦੇ ਛੋਟੇ ਦੋਨੋਂ ਸਾਹਿਬਜ਼ਾਦੇ ਅਤੇ ਅਤੇ ਰਸੋਈਆ ਗੰਗੂ ਹੈ। ਇਹਨਾਂ ਨਿਰਦੋਸ਼, ਅਤੇ ਕੋਮਲ-ਕਲੀਆਂ ਨੂੰ ਜਿਸ ਤਰੀਕੇ ਨਾਲ ਸੂਬਾ ਵਜ਼ੀਦ ਖਾਂ ਨੇ ਬੇਰਹਿਮੀ ਨਾਲ ਸਰਹੰਦ ਦੀ ਦੀਵਾਰ ਵਿਚ ਜੀਂਦੇ ਚਿਣਵਾਇਆ, ਉਸ ਤੋਂ ਸਾਰਾ ਜਗਤ ਜਾਣੂ ਹੈ। ਇਸ ਸ਼ਹੀਦੀ ਵਿਚ ਜੋ ਬੇ-ਇਨਸਾਫੀ, ਗੰਗੂ ਅਤੇ ਦੀਵਾਨ ਸੁਚਾ ਨੰਦ ਨੇ ਕੀਤੀ, ਉਹ ਇਤਿਹਾਸ ਵਿਚੋਂ ਕਦੀ ਵੀ ਮਿਟਾਈ ਨਹੀਂ ਜਾ ਸਕਦੀ ਅਤੇ ਉਹਨਾਂ ਦੀਆਂ ਕਰਤੂਤਾਂ ਤੇ ਰਹਿੰਦੀ ਦੁਨੀਆਂ ਤਕ ਸੰਸਾਰ ਫਟਕਾਰਾਂ, ਧ੍ਰਿਗਾਕਾਰਾਂ ਪਾਂਦਾ ਰਹੇਗਾ! ਦੀਵਾਨ ਸੁਚਾ ਨੰਦ ਦੇ ਇਹ ਲਫਜ਼ 'ਸਪਾਂ ਦੇ ਬੱਚੇ ਸਪ ਹੀ ਹੋਂਦੇ ਹਨ, ਇਹਨਾਂ ਦਾ ਮਾਰਨਾ ਹੀ ਪੁੰਨ ਹੈ'' ਇਤਿਹਾਸ ਕਾਲੇ ਅਖਰਾਂ ਨਾਲ ਮੂੰਹ ਤੇ ਥਪੜ ਮਾਰਦਾ ਰਹੇਗਾ। ਸਰਹਿੰਦ ਦੀ ਦੀਵਾਰ ਇਹਨਾਂ ਨਿਰਦੋਸ਼ੀ, ਦਸਮੇਸ਼ ਪਿੱਤਾ ਦੇ ਲਾਡਲੇ ਲਾਲਾਂ ਦੀ ਯਾਦ ਜੁਗੋ ਜੁਗ ਤਾਜ਼ੀ ਬਨਾਈ ਰਖੇਗੀ ਇਸ ਪ੍ਰਕਾਰ ਦੋ ਲਾਲ ''ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹ ਸਿੰਘ ਜੀ ਸ਼ਹੀਦੀ ਪਾਕੇ ਸਿਖੀ ਦੀ ਜੜ੍ਹ ਨੂੰ ਅਪਨੇ ਖੂਨ ਦਾ ਪਾਣੀ ਦੇ ਕੇ ਅਮਰ ਪਦਵੀ ਨੂੰ ਪ੍ਰਾਪਤ ਕਰ ਗਏ।

## ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ

ਸ਼ਾਹੀ ਫੌਜਾਂ ਨੇ ਚਮਕੌਰ ਦੀ ਗੜ੍ਹੀ ਵਿਚ ਠਹਿਰੇ ਸਿੰਘਾਂ ਨੂੰ ਘੇਰਾ ਪਾ ਲਿਆ। ਬੜਾ ਘਮਸਾਨ ਦਾ ਜੰਗ ਹੋਇਆ। ਮੁਠੀ ਭਰ ਸਿੰਘਾਂ ਨੇ ਮੁਗਲ ਪਠਾਨਾਂ ਦੀਆਂ ਫ਼ੌਜਾਂ ਨੂੰ ਮਾਰ ਮੁਕਾਇਆ। ਧਰਤੀ ਖੂਨ ਨਾਲ ਲਾਲੋ ਲਾਲ ਹੋ ਗਈ। ਲੋਥਾਂ ਦੇ ਸਭ ਪਾਸੇ ਢੇਰ ਲਗ ਗਏ। ਕਲਗੇਸ਼, ਖ਼ੜਗੇਸ਼ ਦਸਮੇਸ਼ ਪਿਤਾ ਇਹ ਸਭ ਕਉਤਕ ਅਟਾਰੀ ਵਿਚ ਬੈਠੇ ਦੇਖ ਰਹੇ ਹਨ। ਸਤਿਗੁਰੂ ਜੀ ਨੇ ਮੌਉਜ ਵਿਚ ਆਕੇ ਤੀਰ ਕਮਾਨ ਤੇ ਹਥ ਪਾਇਆ। ਪਹਿਲੇ ਤੀਰ ਨਾਲ ਨਾਹਰ ਖ਼ਾਂ ਤੇ ਦੂਜੇ ਨਾਲ ਗੁਲਸ਼ੇਰ ਖਾਂ ਨੂੰ ਸ਼ਿਕਾਰ ਬਨਾਇਆ। ਖਵਾਜਾ ਖਿਜ਼ਰ ਨੂੰ ਤੀਸਰੇ ਤੀਰ ਦਾ ਨਿਸ਼ਾਨਾ ਬਨਾਇਆ। ਪਰ ਉਹ ਦੀਵਾਰ ਪਿਛੇ ਛਿਪ ਗਇਆ। ਜੰਗ ਕਰਦੇ ਕਰਦੇ ਦਿਨ ਢਲ ਗਿਆ ਅਤੇ ਸਿੰਘਾਂ ਕੋਲ ਬਾਰੂਦ, ਮਸਾਲਾ ਗੋਲੀ, ਤੀਰ ਆਦਿ ਖਤਮ ਹੋਨ ਲਗਾ ਤਾਂ ਸਤਿਗੁਰੂ ਨੇ ਆਪਣੇ ਸਾਹਮਨੇ ਲੜਨ ਲਈ ਪੰਜ ਪਿਆਰਿਆਂ ਚੋਂ ਭਾਈ ਹਿੰਮਤ ਸਿੰਘ ਜੀ ਨੂੰ ਵੀਹ ਕੁ ਸੂਰਬੀਰ ਦੇ ਕੇ ਮੈਦਾਨੇ ਜੰਗ ਵਿਚ ਭੇਜ ਦਿਤਾ। ਮੁਗਲਾਂ, ਪਠਾਨਾਂ ਨਾਲ ਇਕ ਇਕ ਸੂਰਬੀਰ ਨੇ ਸਵਾ ਸਵਾ ਲਖ ਦਾ ਮੁਕਾਬਲਾ ਕੀਤਾ ਤੇ ਆਸਤਾ ਆਸਤਾ ਸਭ ਸੂਰਬੀਰ ਸ਼ਹੀਦ ਹੋ ਜਾਂਦੇ ਹਨ।

ਇਧਰ ਨੌਜਵਾਨ, ਚੜ੍ਹਦੀ ਜਵਾਨੀ ਦੀ ੧੭ ਸਾਲ ਦੀ ਉਮਰ ਦੇ ਬਾਬਾ ਅਜੀਤ ਸਿੰਘ ਜੀ ਇਹ ਜੰਗ ਦੇਖ ਰਹੇ ਹਨ ਤੇ ਸਤਿਗੁਰ ਦੀ ਆਗਿਆ ਦੀ ਇੰਤਜ਼ਾਰ ਵਿਚ ਉਤਾਵਲੇ ਤੇ ਬੇਹਬਲ ਖੜੇ ਹਨ। ਸਤਿਗੁਰ ਜੀ ਨੇ ਅਸ਼ੀਰਵਾਦ ਦੇ ਕੇ ਦਸ ਕੁ ਸਿੰਘ ਨਾਲ ਦੇਕੇ ਪਿਆਰ ਸਹਿਤ ਮੈਦਾਨੇ ਜੰਗ ਵਿਚ ਜੋਹਰ ਦਿਖਾਨ ਦੀ ਆਗਿਆ ਦਿਤੀ।

## ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ

ਬਾਬਾ ਅਜੀਤ ਸਿੰਘ ਜੀ ਇਹਨਾਂ ਦਸ ਕੁ ਸੂਰਬੀਰ ਸਿੰਘਾਂ ਦੇ ਸਮੇਤ ਮੁਗਲ ਫੌਜਾਂ ਤੇ ਇੰਝ


www.AKJ.Org

ਟੁਟ ਕੇ ਪੈ ਗਏ ਜਿਵੇਂ ਕੋਈ ਬਾਜ ਚਿੜੀਆਂ ਤੇ ਜਾ ਪੈਂਦਾ ਹੈ, ਅਥਵਾ ਜਿਵੇਂ ਸ਼ੇਰ ਭੇਡਾਂ ਦੇ ਵਗ ਤੇ ਪੈਂਦਾ ਹੈ। ਜੋ ਸਾਹਮਣੇ ਅੜਿਆ, ਸੋ ਝੜਿਆ ਆਸਤਾ ਆਸਤਾ ਦੁਸ਼ਮਨਾਂ ਨਾਲ ਲੋਹਾ ਲੈਂਦੇ ਹੋਇ ਬਾਬਾ ਅਜੀਤ ਸਿੰਘ ਜੀ ਸਿੰਘਾਂ ਸਮੇਤ ਸ਼ਹੀਦ ਹੋ ਗਏ॥

## ਬਾਬਾ ਜੁਝਾਰ ਸਿੰਘ ਜੀ ਦੀ ਸ਼ਹਾਦਤ

ਸੂਰਬੀਰਤਾ ਤਾਂ ਸਨਬੱਧ ਇਤਨਾਂ ਉਮਰ ਅਥਵਾ ਸ਼ਰੀਰ ਦੀ ਬਨਾਵਟ ਨਾਲ ਨਹੀਂ ਜਿਤਨਾ ਕਿ ਆਤਮਕ ਬਲ ਨਾਲ ਹੈ ਅਤੇ ਇਸ ਆਤਮਕ ਬਲ ਨੂੰ ਪੈਦਾ ਕਰਨ ਲਈ ਭਗਤੀ, ਸਿਮਰਨ, ਬੰਦਗੀ ਦੀ ਲੋੜ ਹੈ। ਇਹ ਆਤਮਕ ਬਲ ਹੀ ਸੀ ਜਿਸ ਨੇ ਬਾਬਾ ਜੁਝਾਰ ਸਿੰਘ ਜੋ ਕਿ ਬਿਲਕੁਲ ਕਿਸ਼ੋਰ ਅਵਸਥਾ ਹੋਂਦੇ ਹੋਇ, ਜੰਗ ਵਿਚ ਹੱਥ ਦਿਖਾਨ ਲਈ ਮਜਬੂਰ ਹੋ ਗਏ। ਸਾਹਿਬਜ਼ਾਦੇ ਦੇ ਇਸ ਆਤਮਕ ਬਲ ਅਤੇ ਹਠ ਨੂੰ ਦੇਖ ਸਤਿਗੁਰੂ ਜੀ ਨੂੰ ਆਖਰ ਜੰਗ ਵਿਚ ਜਾਣ ਦੀ ਆਗਿਆ ਦੇਣੀ ਹੀ ਪਈ। ਸਤਿਗੁਰੂ ਜੀ ਨੇ ਪ੍ਰਸੰਤਾ ਨਾਲ ਆਪਣੇ ਲਾਡਲੇ ਬਚੇ ਦੇ ਸੀਸ ਤੇ ਕਲਗੀ ਸਜਾਈ ਸ਼ਸਤ੍ਰ ਬਸਤ੍ਰ ਪਹਿਨਾਇ, ਪਿਆਰ ਅਤੇ ਲਾਡ ਨਾਲ ਅਠ ਸਿੰਘ ਨਾਲ ਦੇਕੇ ਗੜੀ ਚੋਂ ਜੰਗ ਵਿਚ ਜਾਨ ਦੀ ਆਗਿਆ ਦਿਤੀ। ਸਤਿਗੁਰੂ ਜੀ ਖੁਦ ਅਟਾਰੀ ਵਿਚੋਂ ਸਾਹਿਬਜ਼ਾਦੇ ਦੀ ਸੂਰਬੀਰਤਾ ਨੂੰ ਦੇਖ ਦੇਖ ਕੇ ਪ੍ਰਸੰਨ ਹੋਂਦੇ ਹਨ। ਆਖਰਕਾਰ ਲੜਦੇ ਲੜਾਂਦੇ ਹੋਇ ਇਸ ਨਿਕੀ ਜੇਹੀ ਕੋਮਲ ਜਿੰਦੜੀ ਨੂੰ ਸਤਿਗੁਰੂ ਜੀ ਅਪਨੀਆਂ ਅਖਾਂ ਦੇ ਸਾਹਮਣੇ ਤੂੰਬਾ ਤੂੰਬਾ ਹੋਂਦੇ ਦੇਖ ਕੇ ਕਿਸੇ ਵਜੱਦ ਹੁਲਾਰੇ ਵਿਚ ਆ ਕੇ ਅਕਾਲ ਪੁਰਖ ਦਾ ਧੰਨਵਾਦ ਕਰਦੇ ਹਨ।

'ਜਿਸ ਕੀ ਵਸਤ ਤਿਸ ਆਗੈ ਰਾਖੈ' ਦੇ ਆਸ਼ੇ ਅਨੁਸਾਰ ਸਹੀ ਅਰਥਾਂ ਵਿਚ ਅਕਾਲ ਪੁਰਖ ਦਾ ਸਤਿਗੁਰ ਜੀ ਨੇ ਕੋਟਾਨ ਕੋਟਾਨ ਧੰਨਵਾਦ ਕੀਤਾ ਅਤੇ ਆਪਣੇ ਮਹਿਲਾਂ ਦੇ ਪੁਛਨ ਤੇ ਕਿ ਸਾਹਿਬਜ਼ਾਦੇ ਕਿਥੇ ਹਨ-ਸਤਿਗੁਰੂ ਦੁਆਰਾ ਦਿਤੇ ਗਏ ਇਸ ਉਤਰ ਨੂੰ ਇਕ ਕਵੀ ਨੇ ਇੰਝ ਕਲਮ ਬੰਦ ਕੀਤਾ ਹੈ :—

ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।
ਚਾਰ ਗਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ॥

## ਆਮ ਟਪਲਾ

ਅਜ ਕਲ ਸਾਡੇ ਆਮ ਕਵੀ, ਲਿਖਾਰੀ, ਲੈਕਚਰਾਰ ਜੋ ਬੇਇਨਸਾਫੀ ਬਾਬਾ ਜੁਝਾਰ ਸਿੰਘ ਜੀ ਦੀ ਸ਼ਹੀਦੀ ਬਾਰੇ ਕਰ ਰਹੇ ਹਨ—ਉਹ ਹੈ ਸ਼ਾਹਿਬਜ਼ਾਦਾ ਜੀ ਦਾ ਜੰਗ ਚੋਂ ਵਾਪਸ ਪਿੱਤਾ ਪਾਸ ਪਾਣੀ ਪੀਣ ਲਈ ਆਣਾ। ਇਹ ਇਕ ਮਨਘੜਤ ਅਤੇ ਝੂਠੀ ਸਾਖੀ ਹੈ ਤੇ ਕਿਸੇ ਨੀਵੇਂ ਖਿਆਲਾਂ ਵਾਲੇ ਨੇ ਇਸ ਪਹਿਲੂ ਨੂੰ ਇਤਿਹਾਸ ਵਿਚ ਲਿਖ ਕੇ ਆਪਣੀ ਵਿਦਵਤਾ ਅਤੇ ਕਲਪਨਾ ਨੂੰ ਹੋਛਾ ਸਾਬਤ ਕਰਨ ਦੀ ਹੀ ਕੋਸ਼ਸ਼ ਕੀਤੀ ਹੈ ਸਚਾਈ ਬਿਲਕੁਲ ਨਜ਼ਰ ਨਹੀਂ ਆਉਂਦੀ। ਆਮ ਇਤਿਹਾਸਕਾਰ ਇਹ ਲਿਖਦੇ ਹਨ ਕਿ ਬਾਬਾ ਜੁਝਾਰ ਸਿੰਘ ਜੀ ਲੜਦੇ ਲੜਦੇ, ਪਿਆਸ ਲਗਨ ਕਾਰਨ ਜੰਗ ਚੋਂ ਨਿਕਲ ਆਇ ਤੇ ਆਪਣੇ ਪਿੱਤਾ ਪਾਸ ਆ ਕੇ ਪਾਣੀ ਦੇ ਦੋ ਘੁਟ ਮੰਗੇ ਪਰ ਗੁਰੂ ਪਿਤਾ ਨੇ ਪਾਣੀ ਪਿਲਾਨ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਤੇਰਾ ਪਾਣੀ ਇਥੇ ਨਹੀਂ


www.AKJ.Org

## ਦਲੀਲਾਂ ਦਾ ਅਧਾਰ–ਗੁਰਬਾਣੀ

ਸਿਖ ਇਤਿਹਾਸ ਦੀ ਅਸਲੀਅਤ ਨੂੰ ਛਿਪਾਨ ਖਾਤਰ ਕਿਤਨੀ ਬੇ ਇਨਸਾਫੀ ਕੀਤੀ ਗਈ ਇਹ ਕਿਸੇ ਤੋਂ ਭੁਲੀ ਨਹੀਂ ਹੈ। ਜਿਤਨੀਆਂ ਕੁਰਬਾ-ਨੀਆਂ, ਸ਼ਹਾਦਤਾਂ, ਜੰਗ, ਸਿਖਾਂ ਨੇ ਕੀਤੇ ਕਿਸੇ ਹੋਰ ਕੌਮ ਨੇ ਨ ਕੀਤੇ ਹਨ ਅਤੇ ਨ ਕਰ ਸਕਣਗੇ ਪਰ ਇਸ ਦੇ ਬਾਵਜੂਦ ਵੀ ਸਿਖ ਇਤਿਹਾਸ ਬਹੁਤ ਪਿਛੇ ਹੈ। ਇਸ ਦਾ ਕਾਰਨ ਇਕ ਇਹ ਵੀ ਹੈ ਕਿ ਸਿਖ ਧਰਮ ਸੰਤ ਸਿਪਾਹੀ ਹੋਣ ਕਰਕੇ, ਜ਼ੁਲਮ ਨਾਲ ਲੋਹਾ ਲੈਣ ਨੂੰ ਹਰ ਵਕਤ ਤਤਪਰ ਰਿਹਾ। ਦੇਸ਼ ਕੌਮ ਦੀ ਖਾਤਰ ਸਿੱਖਾਂ ਨੂੰ ਹਰ ਪ੍ਰਕਾਰ ਦੇ ਕਸ਼ਟ ਸਹਾਰਣੇ ਪਏ। ਘਰੋਂ ਬੇਘਰ ਹੋ ਕੇ ਜੰਗਲਾਂ ਵਿਚ ਵਾਸਾ ਕਰਨਾ ਪਿਆ। ਇਸ ਲਈ ਜ੍ਹਿਨਾਂ ਨੇਕ ਉਸ ਸਮਯ ਦਾ ਇਤਿਹਾਸ ਲਿਖਿਆ, ਉਹਨਾਂ ਜੈਸਾ ਚਾਹਿਆ ਲਿਖ ਦਿਤਾ ਸਿਖ ਇਤਿਹਾਸ ਨੂੰ ਸਹੀ ਕਿਸੇ ਵਿਰਲੇ ਨੇ ਹੀ ਲਿਖਿਆ ਤੇ ਉਹ ਵੀ ਸਾਡੇ ਸਾਮ੍ਹਣੇ ਸਹੀ ਰੂਪ ਵਿਚ ਨ ਪਹੁੰਚ ਸਕਿਆ। ਉਸ ਸਮਯ ਇਹ ਹੀ ਅਨਯਾਏ ਗੁਰਬਾਣੀ ਨਾਲ ਹੋ ਰਿਹਾ ਸੀ ਨਾਨਕ ਦੇ ਤਖੱਲਸ ਥਲੇ ਕਈ ਮਨਘੜਤ ਸ਼ਬਦ ਤੇ ਬਾਣੀਆਂ ਪ੍ਰਚਲਤ ਹੋ ਚੁਕੀਆਂ ਸਨ ਉਧਾਰਨ ਦੇ ਤੌਰ ਤੇ ਜ਼ਫਰਨਾਮਾ, ਹਾਜ਼ਰ ਨਾਮਾ...ਆਦਿ। ਧੰਨ ਸ੍ਰੀ ਪੰਚਮ ਪਿਤਾ, ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਜਿਨਾਂ ਨੇ ਇਹ ਮਹਾਨ ਉਪਕਾਰ ਆਨ ਵਾਲੀਆਂ ਨਸਲਾਂ ਤੇ ਕੀਤਾ ਸਾਰੀ ਗੁਰਬਾਣੀ ਨੂੰ ਇਕਠਿਆਂ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕੀਤੀ। ਨਹੀਂ ਤਾਂ ਦੂਨੀ ਦੇ ਚਤੁਰ ਵਿਦਵਾਨਾਂ ਨੇ ਇਸ ਪਵਿਤ੍ਰ ਗੁਰਬਾਣੀ ਨਾਲ ਆਪਣੀ ਮਨਘੜਤ ਲਿਖਤ ਨੂੰ ਰਲਾ ਕੇ ਮਿਲਗੋਬਾ ਹੀ ਬਣਾ ਦੇਣਾ ਸੀ ਤੇ ਇਹ ਨਿਖੇੜ ਕਰਨਾਕਿ ਕੇਹੜਾ ਸ਼ਬਦ ਗੁਰੂਸਾਹਿਬਾਂ ਦਾ ਅਸਲੀ ਹੈ, ਆਮ ਲੁਕਾਈ ਤੋਂ ਅਉਖਾ ਹੋ ਜਾਣਾ ਸੀ।

ਸੋ ਉਪਰੋਕਤ ਦਲੀਲ ਤੋਂ ਇਹ ਸ਼ਪਸ਼ਟ ਸਿਧ ਹੋ ਜਾਂਦਾ ਹੈ ਕਿ ਕਈ ਇਤਿਹਾਸਕ ਘਟਨਾਵਾਂ ਬਿਲਕੁਲ ਝੂਠ ਹਨ ਤੇ ਉਹਨਾਂ ਨੂੰ ਪ੍ਰਖਨ ਲਈ ਇਕ ਕਸਵਟੀ ਹੈ— ਉਹ ਹੈ ਗੁਰਬਾਣੀ। ਇਸ ਲਈ ਗੁਰਮੁਖਜਨ,ਅਭਿਆਸੀ ਜ਼ਗਿਆਸੂ ਗੁਰਬਾਣੀ ਦੇ ਅਧਾਰ ਤੇ ਸਹਿਜੇ ਹੀ ਇਹ ਪ੍ਰਖ ਕਰ ਲੈਂਦੇ ਹਨ ਕਿ ਕ੍ਹੇੜਾ ਸਾਕਾ ਗਲਤ ਹੈ ਤੇ ਕੇੜਾ ਝੂਠ ਮਨਘੜਤ ਹੈ। ਉਧਾਰਨ ਦੇ ਤੌਰ ਤੇ ਕੇਈ ਇਤਿਹਾਸ ਕਾਰਾਂ ਨੇ ਸ੍ਰੀ ਕੇਸਗੜ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਚੋਣ ਦੇ ਸਮੇਂ ਪੰਜ ਬਕਰਿਆਂ ਨੂੰ ਝਟਕਾਨਾਂ ਪ੍ਰਚਲਤ ਕੀਤਾ ਹੈ ਜੋ ਗੁਰਬਾਣੀ ਦੀ ਇਕਦੋ ਹੀ ਪੰਕਤੀਆਂ ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉਲੈਨ ਮਿਲਾਇ ਅਤੇ ਸਤਿਗੁਰ ਮੇਰਾ ਮਾਰ ਜਿਵਾਲੇ ਤੇ ਪ੍ਰਖਨ ਤੇ ਬਿਲਕੁਲ ਝੂਠ, ਮਨਘੱੜਤ ਸਾਬਤ ਹੋ ਜਾਂਦੀ ਹੈ। ਇਸ ਲਈ ਪੰਜ ਸੀਸਾਂ ਨੂੰ ਤਲਵਾਰ ਨਾਲ ਉਤਾਰਕੇ ਫੇਰ ਨਵਜੀਵਨ ਜੀਅ, ਦਾਨ ਦੇ ਦੇਣਾ, ਇਸ ਤੇ ਕਿੰਤੂ ਕਰਣਾ ਸ਼ਕ ਕਰਣਾ, ਸਤਿਗੁਰ ਦੀ ਮਹਿਮਾਂ ਨੂੰ ਘਟਾਉਣ ਵਾਲੀ ਗਲ ਹੈ। ਇਸੇ ਪ੍ਰਕਾਰ ਬਾਬਾ ਜੁਝਾਰ ਸਿੰਘ ਦੀ ਸ਼ਹੀਦੀ ਬਾਰੇ ਜੋ ਬੇ-ਇਨਸਾਫੀ ਇਤਿਹਾਸ ਕਾਰਾਂ ਨੇ ਕੀਤੀ ਹੈ ਉਹ ਥਲੇ ਦਿਤੇ ਗਏ ਗੁਰਬਾਣੀ ਦੇ ਸ਼ਬਦ ਦੀ ਕਸੋਟੀ ਤੇ ਪ੍ਰਖਨ ਤੇ ਮਿਥਿਆ ਹੋ ਜਾਂਦੀ ਹੈ। ਗੁਰਸ਼ਬਦ:—

ਗਗਨ ਦਮਾਮਾ ਬਾਜਿਓ, ਪਰਿਓ ਨਿਸਾਨੈ ਘਾਉ ॥
ਖੇਤੁ ਜੁ ਮਾਡਿਓ ਸੂਰਮਾ, ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥



www.AKJ.Org

## ਪਹਿਲੀ ਦਲੀਲ:-

ਇਸ ਸ਼ਬਦ ਮੁਤਾਬਕ ਜਦ ਕਿ ਪਥਰ ਤੇ ਲਕੀਰ ਹੈ ਅਤੇ ਇਤਿਹਾਸ ਗਵਾਹ ਹੈ ਕਿ ਸੂਰਬੀਰਾਂ ਸਿੰਘਾਂ ਨੇ ਖੋਪਰੀਆਂ ਲਵਾਈਆਂ, ਆਰਿਆਂ ਨਾਲ ਤਨ ਚਿਰਵਾਇਆ, ਬੰਦ ਬੰਦ ਕਟਿਆ ਗਿਆ, ਗਡੀਆਂ ਬਲੇ ਲਤਾੜੇ ਗਏ, ਹਰ ਜ਼ੁਲਮ, ਅਤਿਆਚਾਰ ਨੂੰ ਸਹਿਨ ਕੀਤਾ ਪਰ ਸਿਖ ਸੂਰਬੀਰਾਂ ਨੇ ਸੀ ਤਕ ਨਹੀਂ ਉਚਾਰੀ ਤੇ ਹਸੂ ਹਸੂ ਕਰਦੇ ਪੰਜ ਤਤਾਂ ਦੇ ਇਸ ਕਰੰਗ ਨੂੰ ਜ਼ਾਲਮ ਤੇ ਨਿਛਾਵਰ ਕਰ ਦਿਤਾ। ਤਾਂ ਤੇ ਇਹ ਕਹਿਣਾਂ ਕਿ ਬਾਬਾ ਜੁਝਾਰ ਸਿੰਘ ਜੀ ਜੰਗ ਤੋਂ ਵਾਪਸ ਪਾਣੀ ਪੀਣ ਲਈ ਸਤਿਗੁਰ ਪਾਸ ਆਏ ਬਿਲਕੁਲ ਝੂਠ, ਮਨਘੜਤ ਇਤਿਹਾਸਕ ਪਹਲੂ ਹੈ। ਸਿਖ ਤਾਂ ਮੈਦਾਨੇ ਜੰਗ ਵਿਚ ਪੁਰਜਾ ਪੁਰਜਾ ਕਟਿ ਮਰੈ ਮਨ ਬਚ ਕਰਮ ਕਰ ਪਾਲਨ ਕਰਦਾ ਹੈ। ਕਬਹੂ ਨ ਛਾਡੈ ਖੇਤੁ'ਸਾਹਿਬਜ਼ਾਦੇ ਦਾ ਜੰਗ ਚੋਂ ਪਾਣੀ ਪੀਣ ਆਣਾ, ਕਹਿਣਾ, ਇਸ ਕਸਵਟੀ ਤੇ ਉਤਰ ਸਕਦਾ ਹੀ ਨਹੀਂ। ਇਸ ਲਈ ਅਗਰ ਐਸੀ ਦੂਸ਼ਨਾ ਬਾਬਾ ਜੁਝਾਰ ਸਿੰਘ ਜੀ ਤੇ ਲਾਣਾ, ਉਹਨਾਂ ਦੀ ਸ਼ਹਾਦਤ ਨਾਲ ਮਜ਼ਾਕ ਉੜਾਨਾ ਹੈ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ।

## ਦੂਜੀ ਦਲੀਲ :-

ਅਗਰ ਇਹਨਾਂ ਇਤਿਹਾਸਕਾਰਾਂ ਦੀ ਕਲਪਨਾ ਅਨੁਸਾਰ ਥੋੜੀ ਦੇਰ ਇਹ ਮੰਨ ਲਿਆ ਜਾਏ ਕਿ ਬਾਬਾ ਜੁਝਾਰ ਸਿੰਘ ਜੀ ਜੰਗ ਤੋਂ ਪਾਣੀ ਪੀਣ ਲਈ ਆਏ ਸਨ ਤਾਂ ਇਥੇ ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦ ਬਾਬਾ ਜੀ ਜੰਗ ਤੋਂ ਨਿਕਲ ਕੇ ਆ ਰਹੇ ਸਨ ਤਾਂ ਕੀ ਮੁਗਲਾਂ ਦੀ ਤਰਫੋਂ ਇਹ ਨਾਹਰੇ ਲਗਾਣ ਲਗ ਪੈਣਾ ਸੁਭਾਵਕ ਨਹੀਂ ਹੋ ਜਾਣਾ ਸੀ ਕਿ ਬਾਬਾ ਜੀ ਪਿਠ ਦੇ ਕੇ ਜੰਗ ਤੋਂ ਜਾ ਰਹੇ ਹਨ ਪਰ ਐਸਾ ਇਤਿਹਾਸਕਾਰਾਂ ਨੇ ਕਿਧਰੇ ਵੀ ਨਹੀਂ ਲਿਖਿਆ।

## ਤੀਜੀ ਦਲੀਲ :-

ਅਗਰ ਉਪ੍ਰੋਕਤ ਦਿਤੀ ਗਈ ਦੂਜੀ ਦਲੀਲ ਬਾਰੇ ਇਹ ਖਿਆਲ ਪ੍ਰਗਟ ਕੀਤਾ ਜਾਏ ਕਿ ਬਾਬਾ ਜੀ ਨੂੰ ਪਿਆਸ ਲਗੀ ਤੇ ਉਹ ਦੁਸ਼ਮਣਾਂ ਨੂੰ ਦਸ ਕੇ ਪਾਣੀ ਪੀਣ ਲਈ ਜੰਗ ਤੋਂ ਬਾਹਰ ਆਏ। ਇਸ ਬਾਰੇ ਉਸ ਦੇ ਉਲਟ ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਐਸਾ ਕੌਣ ਹੈ ਜੋ ਵੈਰੀ ਹਥ ਵਿਚ ਆਇਆ ਹੋਵੇ ਅਤੇ ਉਹ ਵੀ ਆਖਰੀ ਸੁਆਸਾਂ ਤੇ ਹੋਵੇ ਤੇ ਪਾਣੀ ਬਿਨਾਂ ਪ੍ਰਾਣ ਨਿਕਲ ਰਹੇ ਹੋਣ, ਫੇਰ ਉਸ ਨੂੰ ਪਾਣੀ ਪਿਲਾ ਕੇ ਲੜਨ ਲਈ ਹਿੰਮਤ ਦੇ ਦੇਵੇ। ਇਹ ਇਕ ਅਨਹੋਣੀ ਜੇਹੀ ਗਲ ਹੈ। ਜਿਨ੍ਹਾਂ ਮੁਗਲਾਂ ਨੇ ਸੁਤੇ ਪਏ ਸੂਰਬੀਰਾਂ ਨੂੰ ਸ਼ਹੀਦ ਕੀਤਾ ਹੋਇ, ਦੀਵਾਰਾਂ ਵਿਚ ਚਿਣਿਆ ਹੋਏ, ਅਸੀਂ ਅਸੀ ਰੁਪੈ ਤੋਂ ਯੁਵਤੀਆਂ ਦੇ ਸੀਸ ਨੌਜਵਾਨ ਬਚਿਆਂ ਦੇ ਕਹਿ ਕੇ ਇਨਾਮ ਲਇਆ ਹੋਇ ਜਿਹਨਾਂ ਨੇ ਅਨੰਦ ਪੁਰ ਦਾ ਕਿਲਾ ਖਾਲੀ ਕਰਨ ਲਈ ਕੁਰਾਨਾਂ, ਗਊ ਦੀਆਂ ਕਸਮਾਂ ਚੁਕ ਕੇ ਫੇਰ ਬੇਇਤਬਾਰੀ ਦਾ ਸਬੂਤ ਦਿਤਾ ਹੋਇ ਕੀ ਉਹ ਪਾਣੀ ਪੀਣ ਲਈ..................ਜਾਣ ਦੇਣਗੇ ਨਹੀਂ।

## ਚਉਥੀ ਦਲੀਲ :-

ਇਹ ਤਾਂ ਆਮ ਦੇਖਿਆ ਜਾ ਸਕਦਾ ਹੈ ਕਿ ਕਦਾਪਿ ਪੰਜਾਂ ਸਤਾਂ ਆਦਮੀਆਂ ਵਿਚ ਘਿਰਿਆ ਇਕ ਆਦਮੀ ਉਹਨਾਂ ਪਾਸੋਂ ਜਾਨ ਛੁੜਾਕੇ ਨਹੀਂ



www.AKJ.Org

ਆ ਸਕਦਾ ਤਾਂ ਫਿਰ ਭਲਾ ਹਜ਼ਾਰਾਂ ਦੀ ਗਿਣਤੀ ਵਿਚ ਘਿਰਿਆ ਹੋਇ ਦੁਸ਼ਮਨਾਂ ਨੂੰ ਚੀਰਦਾ ਹੋਇਆ ਬਚਾ ਕਿਸ ਤਰੀਕੇ ਨਾਲ ਜੰਗ ਚੋਂ ਬਾਹਰ ਆ ਸਕਦਾ ਹੈ ਔਰ ਫਿਰ ਖਾਸ ਕਰ ਕੇਵਲ ਪਾਣੀ ਪੀਣ ਲਈ। ਅਸੰਭਵ ਜੇਹੀ ਗਲ ਜ ਪਦੀ ਹੈ।

## ਪੰਜਵੀਂ ਦਲੀਲ--

ਚਲੋ ਥੋੜੀ ਦੇਰ ਲਈ ਇਹ ਮੰਨ ਲਿਆ ਜਾਵੇ ਕਿ ਕੁਦਰਤੀ ਤੌਰ ਤੇ ਬਾਬਾ ਜੁਝਾਰ ਸਿੰਘ ਜੀ ਲੜਦੇ ਲੜਦੇ ਵੈਰੀਆਂ ਤੋਂ ਇਕ ਪਾਸੇ ਆ ਗਏ ਹੋਣ ਤੇ ਪਿਆਸ ਲਗਨ ਤੇ ਪਿਤਾ ਜੀ ਪਾਸ ਗੜੀ ਵਿਚ ਆਕੇ ਪਾਣੀ ਦੀ ਮੰਗ ਕੀਤੀ ਹੋਇ। ਇਸ ਬਾਰੇ ਇਹ ਦਲੀਲ ਹੈ ਕਿ ਦਸ਼ਮੇਸ਼ ਪਿਤਾ ਜੋ ਅਨਬੋਲਤ ਹੀ ਜਾਨਉ ਹਾਲ ਅਥਵਾ ਘਟ ਘਟ ਕੇ ਪਟ ਪਟ ਕੀ ਜਾਨਤ। ਭਲੇ ਬੁਰੇ ਕੀ ਪੀਰ ਪਛਾਨਤ ॥ ਮਹਾਂਵਾਕ ਅਨੁਸਾਰ ਕੀ ਆਪਣੇ ਲਾਡਲੇ ਸਾਹਿਬਜ਼ਾਦੇ ਦੇ ਇਸ਼ਾਰੇ ਤੇ ਪਾਣੀ ਮੰਗਣ ਤੇ ਇਹ ਨਹੀਂ ਸਨ ਜਾਣਦੇ ਕਿ ਉਹਨਾਂ ਦਾ ਬੇਟਾ ਕੇਵਲ ਪਾਣੀ ਪੀਣ ਦੀ ਭਾਵਨਾ ਕਰਕੇ ਆਇਆ ਹੈ ਨ ਕਿ ਵੈਰੀਆਂ ਤੋਂ ਡਰ ਕੇ ਯਾ ਪਿਠ ਦੇ ਕੇ ਆਇਆ ਹੈ ਅਤੇ ਉਸਨੇ ਪਾਣੀ ਪੀ ਕੇ ਫਿਰ ਜੰਗ ਵਿਚ ਜੌਹਰ ਦਿਖਾਣ ਨੂੰ ਜਾਣਾ ਹੈ। ਕੀ ਉਹ ਇਹ ਨਹੀਂ ਸਨ ਜਾਣਦੇ ਕਿ ਜਿਸ ਕੋਮਲ ਸੁਹਿਰਦ ਬਾਲਕ ਨੇ ਹਠ ਨਾਲ ਮੈਦਾਨੇ ਜੰਗ ਵਿਚ ਹਥ ਦਿਖਾਣ ਦੀ ਪਿਤਾ ਪਾਸੋਂ ਆਗਿਆ ਮੰਗੀ ਹੋਵੇ ਤੇ ਉਹ ਫਿਰ ਪਿਠ ਦੇ ਕੇ ਪਾਣੀ ਦੇ ਬਹਾਨੇ ਵਾਪਸ ਆਏ, ਐਸਾ ਕਦੀ ਨਹੀਂ ਹੋ ਸਕਦਾ। ਇਸ ਲਈ ਅਗਰ ਇਹ ਮੰਨ ਲਿਆ ਜਾਏ ਕਿ ਬਾਲਕ ਪਾਣੀ ਪੀਣ ਲਈ ਪਿਤਾ ਨੂੰ ਇਸ਼ਾਰੇ ਨਾਲ ਕਰਦੇ ਹਨ ਤਾਂ ਉਪਰੋਕਤ ਦਲੀਲ ਅਨੁਸਾਰ ਸਤਿਗੁਰ ਜੀ ਪਾਣੀ ਪਿਲਾਣ ਨੂੰ ਕਿਸੇ ਕੀਮਤ ਤੇ ਵੀ ਇਨਕਾਰ ਨਹੀਂ ਸਨ ਕਰ ਸਕਦੇ। ਸਗੋਂ ਸਤਿਗੁਰ ਜੀ ਨੇ ਤੇ ਐਸੇ ਸੂਰਬੀਰ ਬਚੇ ਦੀ ਪਿਠ ਠੋਕ ਕੇ ਸ਼ਾਬਾਸ਼ ਦੇਣੀ ਸੀ, ਅਸ਼ੀਰਵਾਦ ਦੇਣੇ ਸਨ ਤੇ ਪਾਣੀ ਪਿਲਾ ਕੇ ਸ਼ੇਰ ਵਾਂਗੂ ਜੰਗ ਵਿਚ ਲੜਦਾ ਦੇਖਕੇ ਫੇਰ ਪ੍ਰਸੰਨ ਹੋਣਾ ਸੀ। ਜੇਹੜਾ ਸਤਿਗੁਰ ਨਿਰਵੈਰਤਾ ਦੇ ਪੁੰਜ ਪਾਣੀ ਪਿਲਾਨ ਵਾਲੇ ਭਾਈ ਘਨੀਆਂ ਜੀ ਦੀ ਸੇਵਾ ਤੋਂ ਪ੍ਰਸੰਨ ਹੋਕੇ ਮਰਮਪਟੀ ਦੇਕੇ ਸਭ ਦੀ ਇਕ ਦ੍ਰਿਸ਼ਟੀ ਨਾਲ ਸੇਵਾ ਕਰਨ ਦਾ ਅਸ਼ੀਰਵਾਦ ਦੇ ਸਕਦੇ ਹਨ ਕੀ ਉਹਨਾਂ ਨੇ ਬਾਬਾ ਜੀ ਨੂੰ ਪਾਣੀ ਦੇਣੋ ਇਨਕਾਰ ਕਰਨਾ ਸੀ। ਕਦਾਪਿ ਨਹੀਂ।

ਤਾਂ ਤੇ ਉਪਰੋਕਤ ਦਲੀਲਾਂ ਤੋਂ ਇਹ ਸ਼ਪਸ਼ਟ ਸਿਧ ਹੋ ਜਾਂਦਾ ਹੈ ਕਿ ਇਹ ਇਤਿਹਾਸਕ ਪਹਿਲੂ ਮਨਘੜਤ ਹੈ, ਬਿਲਕੁਲ ਬੇ-ਬੁਨਯਾਦ ਹੈ। ਇਹ ਸਚਾਈ ਰਤੀ ਭਰ ਵੀ ਨਹੀਂ ਕਿ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸਤਿਗੁਰ ਪਾਸ ਪਾਣੀ ਪੀਣ ਲਈ ਆਏ ਤੇ ਉਹਨਾਂ ਨੇ ਪਾਣੀ ਪਿਲਾਣ ਤੋਂ ਇਨਕਾਰ ਕਰ ਦਿਤਾ।

—o—

**ਸੂਚਨਾ**--ਪਵਿਤ੍ਰ ਗੁਰਧਾਮਾਂ ਦੀ ਯਾਤਰਾ ਸਮੇਂ ਇਕ ਗਰੁਪ-ਫ਼ੋਟੋ ਪੂਨਾ ਵਿਖੇ ਲਈ ਗਈ ਸੀ। ਇਸਦੀ ਭੇਟਾ ਕੇਵਲ ਛੇ ਰੁਪੈ ਸਮੇਤ ਡਾਕ ਖ਼ਰਚ ਹੈ। ਲੋੜਵੰਦ ਸਜਨ ਹੇਠ ਲਿਖੇ ਪਤੇ ਤੇ ਮਾਇਆ ਭੇਜ ਕੇ ਮੰਗਵਾ ਸਕਦੇ ਹਨ। ਪਤਾ—ਮੈਨੇਜਰ 'ਸੂਰਾ' ਰਾਘੋਮਾਜਰਾ, ਪਟਿਆਲਾ



www.AKJ.Org

# ਅੰਮ੍ਰਿਤ ਵੇਲਾ

(ਡਾ: ਤੇਜਿੰਦਰ ਸਿੰਘ ਜੀ ਭੂਪਾਲ)

ਅੰਮ੍ਰਿਤ ਵੇਲਾ ਟ੍ਰੈਕਟ ਕ੍ਰਿਤ ਸ੍ਰੀ ਮਾਨ ਡਾਕਟਰ ਤੇਜਿੰਦਰ ਸਿੰਘ ਜੀ (ਭੂਪਾਲ) ਇਕ ਅਨਪੋਲ ਪੁਸਤਕ ਹੈ। ਖਾਲਸਾ ਪੰਥ ਨੂੰ ਸਤਿਗੁਰਾਂ ਨੇ ਦੋ ਵਸਤੂਆਂ ਦਿਤੀਆਂ, ਇਕ 'ਜੋਤ' ਤੇ ਦੂਸਰੀ 'ਜੁਗਤ'। ਅੰਮ੍ਰਿਤ ਵੇਲਾ ਵਿਚ ਜੋਤ ਦੀ ਪ੍ਰਾਪਤੀ ਦੀ ਜੁਗਤ ਦਸੀ ਗਈ ਹੈ, ਅਤੇ ਇਸ ਦੀ ਕੀ ਮਹਤੱਤਾ ਹੈ ਪਰ ਰੋਸ਼ਨੀ ਪਾਈ ਗਈ ਹੈ ਇਹ ਪਹਿਲੀ ਵਾਰ ਹੈ ਕਿ ਇਤਨੇ ਸੁੰਦਰ ਢੰਗ ਨਾਲ ਗੁਰਪਰਮਾਣਾਂ ਨੂੰ ਇਕਠਿਆਂ ਕਰਕੇ ਇਕ ਰਚਨਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਆਸ ਹੈ ਪਾਠਕ ਇਸ ਤੋਂ ਲਾਭ ਉਠਾਉਣਗੇ। (ਐਡੀਟਰ)

ਜੇ ਅਸੀਂ ਆਪਣੇ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਇਹ ਪਤਾ ਲਗਦਾ ਹੈ ਕਿ ਸਿੱਖੀ ਦੇ ਵਜੂਦ ਵਿਚ ਆਉਣ ਨਾਲ ਹੀ ਸਿਖ-ਸਭਿਅਤਾ ਤੇ ਰਹਿਤ ਬਹਿਤ ਭੀ ਨਾਲ ਹੀ ਵਜੂਦ ਵਿਚ ਆ ਗਈ। ਹਰ ਸਿਖ ਨੂੰ ਆਪਣੀ ਸਭਿਅਤਾ ਦਾ ਗੌਰਵ ਤੇ ਮਾਨ ਸੀ, ਜੋ ਕਿ ਇਸ ਦੀ ਉੱਚਤਾ ਤੇ ਉੱਤਮਤਾ ਕਰਕੇ ਕੁਦਰਤੀ ਸੀ। ਸਿਖਾਂ ਦਾ ਮਾਣ ਪ੍ਰਤੀ ਦਿਨ ਵਧਣ ਨਾਲ, ਸਿਖ ਸਭਿਅਤਾ ਦਾ ਮਾਣ ਵੀ ਸਿਖਰ ਚੜ੍ਹ ਗਿਆ। ਗੁਰੂ ਸਾਹਿਬ ਜੀ ਦੇ ਸਮੇਂ ਦਾ ਇਤਿਹਾਸ ਦੱਸਦਾ ਹੈ ਕਿ ਜੇ ਅੱਧੀ ਰਾਤੀਂ ਖੂਹ ਗੇੜਨ ਦੀ ਅਵਾਜ਼ ਆ ਰਹੀ ਹੈ, ਜਾਂ ਕੋਈ ਦਰਿਆ ਵਲ ਜਾ ਰਿਹਾ ਹੈ, ਜਾਂ ਕਿਸੇ ਮੁਖ ਤੋਂ ਕੁਝ ਪੜ੍ਹਨ ਦੀ ਮਿਠੀ ਮਿਠੀ ਆਵਾਜ਼ ਤੜਕ ਸਾਰ ਆ ਰਹੀ ਹੈ, ਸਾਫ ਹੈ ਕਿ ਉਹ ਕੋਈ ਸਿਖ ਹੈ, ਕੋਈ ਗੁਰੂ ਜੀ ਦਾ ਸਿਖ, ਜਿਸ ਤੇ ਗੁਰੂ ਜੀ ਦੀ ਮੇਹਰ ਹੋਈ ਹੈ। ਐਸੀ ਪ੍ਰੇਮਾ ਭਗਤੀ ਵਾਲਾ, ਐਸ ਸਮੇਂ ਹੋਰ ਹੋ ਵੀ ਕੌਣ ਸਕਦਾ ਹੈ? ਪੰਜ ਸੌ ਸਾਲ ਦੇ ਤਸ਼ੱਦਦ ਜ਼ੁਲਮ ਨੇ ਹਿੰਦੂ ਨੂੰ ਇਤਨਾ ਦਬਾ ਦਿਤਾ ਸੀ ਕਿ ਉਹ ਉੱਠਣ ਜੋਗਾ ਹੀ ਨਾ ਰਿਹਾ। ਉਸ ਦਾ ਧਰਮ ਕਰਮ ਬਣ ਗਿਆ ਤੇ ਕਰਮ, ਡਰ ਤੇ ਕਾਇਰਤਾ ਦੇ ਕਾਰਨ ਅਕਰਮ (ਅਕ੍ਰੈ) ਹੋ ਗਿਆ; ਭਾਵ ਮਿਟ ਹੀ ਗਿਆ। ਮੁਸਲਮਾਨ ਆਪਣੇ ਜ਼ੋਰ ਤੇ ਜ਼ੁਲਮ ਵਿਚ ਗਲਤਾਨ ਸਨ। ਧਰਮ ਪੰਖ ਲਗਾਕੇ ਉਡ ਗਿਆ ਸੀ।

ਇਸ ਅੰਧਕਾਰ ਤੇ ਮੁਰਦਾ ਦਿਲੀ ਵਿਚੋਂ ਸ਼ੇਰ ਸਿਖ ਉਗਮਿਆ। ਇਸ ਦਾ ਰੋਅਬ, ਇਸ ਦੀ ਬਹਾਦਰੀ,ਇਸਦੀ ਨਿਡਰਤਾ ਤੇ ਫਿਰ ਇਸ ਦੀ ਨਿਰਵੈਰਤਾ, ਨਿਰਮਾਣਤਾ, ਪਿਆਰ, ਉਪਕਾਰ ਤੇ ਸੇਵਾ, ਜਿਸ ਵੇਲੇ ਇਕ ਇਕ (ਇਕਠੀ) ਹੋਕੇ ਜਗਤ ਦੇ ਸਾਹਮਣੇ ਸ਼ਖਸੀ ਤੌਰ ਤੇ ਆਈ, ਉਹ ਆਪਣੀ ਨਿਰਾਲੀ ਸ਼ਕਲ, ਨਿਰਾਲੀ ਚਾਲ ਤੇ ਨਿਰਾਲੀ ਖੁਸ਼ਬੂ ਰਖਦੀ ਸੀ, ਜੋ ਅੰਮ੍ਰਿਤ ਸੀ, ਜਿਸ ਵਿਚ ਕੋਈ ਅਸਚਰਜ ਜਾਨ ਸੀ, ਜੋ ਨਾ ਸਿਰਫ ਆਪ ਜੀਊਂਦੀ ਸੀ, ਸਗੋਂ ਹੋਰਨਾਂ ਵਿਚ ਭੀ ਜੀਵਨ ਦੀ ਰੂਹ ਫੂਕਦੀ ਸੀ। ਉਸ ਸਿਖੀ ਦਾ ਵੱਡਾ ਪੱਖ ਇਹ ਸੀ ਕਿ ਗੁਰੂ ਕੇ ਸਿਖ ਹਮੇਸ਼ਾ



www.AKJ.Org

ਅੰਮ੍ਰਿਤ ਵੇਲੇ ਉਠਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨ ਵਿਥਿਆ ਕਿਸ ਤੋਂ ਭੁੱਲੀ ਹੋਈ ਹੈ? ਜਦ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਵਾਸਤੇ, ਪਾਣੀ ਦੀ ਗਾਗਰ ਰਾਤ ਦੇ ਤੀਜੇ ਪਹਿਰ ਹਰ ਰੋਜ਼ ਬਿਆਸਾ ਦਰਿਆ ਤੋਂ ਲੈ ਕਰ ਆਇਆ ਕਰਦੇ ਸਨ, ਤੇ ਇਕ ਦਿਨ ਮੀਂਹ ਝੱਖੜ ਤੇ ਅੰਧੇਰੇ ਦੇ ਕਾਰਣ ਆਪ ਜੀ ਜੁਲਾਹੇ ਦੇ ਕਿੱਲੇ ਨਾਲ ਠੇਡਾ ਖਾ ਡਿਗੇ ਤਾਂ ਜੁਲਾਹੇ ਦੀ ਤ੍ਰੀਮਤ ਨੇ ਆਖਿਆ ਕਿ ਇਸ ਵੇਲੇ ਹੋਰ ਕੌਣ ਹੋ ਸ਼ਕਦਾ ਹੈ, ਉਹ ਅਮਰੂ ਹੀ ਹੋਣਾ ਹੈ। ਠੀਕ ਹੈ ਇਸ ਵੇਲੇ ਅੰਮ੍ਰਿਤ ਦਾ ਪਿਆਸਾ ਹੀ ਹੋ ਸ਼ਕਦਾ ਹੈ, ਜਿਸ ਨੇ ਨਿਥਾਵਿਆਂ ਦਾ ਥਾਂ ਬਨਣਾ ਹੋਵੇ। ਮਾਇਆ ਦੇ ਪੁਜਾਰੀ ਤਾਂ ਅਮਲ ਗ਼ਲੋਲਾ ਕੂੜ ਕਾ ਖਾ, ਆਪਣੇ ਮਾਲਕ ਤੋਂ ਵਿਛੁੜੇ ਪਏ ਹਨ। ਪਰ ਗੁਰੂ ਕਾ ਸਿਖ—

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗ ਲਾਗੁ ॥ ੧੨੯ ॥
[ਕਬੀਰ ਜੀ।

ਦੇ ਅਟੱਲ ਹੁਕਮ ਅਨੁਸਾਰ, ਮਾਇਆ ਦੀ ਨੀਂਦਰ ਤੋਂ ਜਾਗਕੇ, ਅੰਮ੍ਰਿਤ ਵੇਲੇ ਅੰਮ੍ਰਿਤ ਦੇ ਘੁਟ ਪੀ ਰਿਹਾ ਹੈ।

ਅੰਮ੍ਰਿਤ ਵੇਲਾ ਸਿਖੀ ਜੀਵਨ ਦਾ ਇਕ ਚਿੰਨ, ਇਕ ਨਿਸ਼ਾਨੀ, ਸਿਖ ਸਭਿਅਤਾ ਦਾ ਮੁਢਲਾ ਅਸੂਲ ਬਣ ਚੁਕਿਆ ਹੈ।

ਸ਼ੋਕ ਹੈ ਕਿ ਸਮੇਂ ਦੇ ਫਿਰਨ ਨਾਲ, ਇਸ ਧਰਤੀ ਦੇ ਧਰਮ ਦਾ ਪੱਧਰ ਹੇਠਾਂ ਚਲਾ ਗਿਆ ਹੈ। ਇਸ ਗਰਦਸ਼ ਨੇ, ਜਿਥੋਂ ਤਕ ਕਿ ਸਿਖੀ ਦਾ ਸਬੰਧ ਹੈ ਦੋ ਚੀਜ਼ਾਂ ਪ੍ਰਗਟ ਕੀਤੀਆਂ—

(੧) ਸਿਖ ਮਿਸ਼ਨਰੀ ਦੀ ਹਸਤੀ ਗੁੰਮ ਹੋ ਗਈ। ਪ੍ਰਚਾਰ ਲੋਪ ਹੋ ਗਿਆ। ਸਿਖੀ ਦਾ ਆਦਰਸ਼ ਭੁੱਲਣ ਲਗ ਪਿਆ।

(੨) ਪੱਛਮੀ ਸਭਿਅਤਾ ਨੇ ਰਾਜਨੀਤਿ ਕਾਰਨਾਂ ਕਰਕੇ ਤੇ ਆਰਥਕ, ਕਲਾ ਤੇ ਸਨਅਤੀ ਉੱਨਤੀ ਦੇ ਕਾਰਣ ਧਰਮ ਤੋਂ Vacuumed (ਖ਼ਾਲੀ) ਸੰਸਾਰ ਤੇ ਆਪਣਾ ਪ੍ਰਭਾਵ ਖੁੱਭਵਾਂ ਤੇ ਪੱਕਾ ਪਾਇਆ। ਸਮੇਂ ਦੇ ਨੌਜੁਆਨ ਨੂੰ ਉਸ ਦੀ ਆਪਣੀ ਸਭਿਅਤਾ ਵਿਚੋਂ ਜੜ੍ਹੋਂ ਹੀ ਉਖਾੜ ਦਿਤਾ। ਪਰਮਾਰਥਕ ਕੀਮਤਾਂ ਆਰਥਕ ਤੱਕੜੀ ਵਿਚ ਤੋਲੀਆਂ ਜਾਣ ਲਗੀਆਂ। ਹਰ ਕਰਮ ਧਰਮ, ਦੁਕਾਨਦਾਰੀ ਦੀਆਂ ਵਸਤਾਂ ਵਾਂਙੂ ਆਰਥਕ ਲਾਭ ਜਾਂ ਹਾਣ ਦੇ ਭਾਵ ਨਾਲ ਤੋਲਿਆ ਤੇ ਮਿਣਿਆ ਜਾਣ ਲਗ ਪਿਆ। ਇਸ ਗਿਣਤੀ ਮਿਣਤੀ ਵਿਚ, ਅੰਮ੍ਰਿਤ ਵੇਲੇ ਜੈਸੀ ਸੂਖਮ ਸੁਗੰਧੀ ਤਾਂ ਇਕ ਪਾਸੇ ਹੀ ਰਹਿ ਗਈ, ਰੇਡੀਓ ਤੇ ਅਖਬਾਰ ਨੇ ਸਵੇਰ ਸਾਰ ਪਾਠ ਪੂਜਾ ਦੀ ਥਾਂ ਲੈ ਲਈ ਹੈ ਤੇ ਬਹੁਤੀ ਥਾਈਂ ਦਿਨ ਦੇ ਪ੍ਰਥਮ ਸਮੇਂ ਉਤੇ ਇਹਨਾਂ ਨੇ ਪੂਰਾ ਕਬਜ਼ਾ ਕਰ ਲਿਆ ਹੈ ਤੇ ਅੰਮ੍ਰਿਤ ਵੇਲਾ ਸੁਪਨੇ ਲੈਂਦੇ ਹੀ ਬੀਤਣਾ ਸ਼ੁਰੂ ਹੋ ਗਿਆ ਹੈ। ਇਹੋ ਜਿਹੇ ਕਾਰਣਾਂ ਕਰਕੇ ਗੁਰਦਵਾਰਿਆਂ ਦੇ ਆਰੰਭ ਦਾ ਸਮਾਂ ਭੀ ਪੱਛਮੀ ਸਭਿਅਤਾ ਅਨੁਸਾਰ ਅਗਾਹਾਂ ਨੂੰ ਖਿਸਕਣਾ ਸ਼ੁਰੂ ਹੋ ਗਿਆ ਹੈ। ਸਭਾ ਸੁਸਾਇਟੀਆਂ ਦੇ ਮੈਂਬਰ ਧਰਮ ਦੇ ਵਡਕੇ ਹੋਣ ਦੇ ਕਾਰਨ ਤਾਂ ਚੁਣੇ ਹੀ ਨਹੀਂ ਜਾਂਦੇ। ਬਹੁਤੀ ਵਾਰੀ ਉਹ ਦੁਨੀਆਂਦਾਰੀ ਦੇ ਆਗੂ ਹੁੰਦੇ ਹਨ। ਇਸ ਦਾ ਸਿੱਟਾ ਇਹ ਹੋਇਆ ਹੈ ਕਿ ਧਾਰਮਕ ਦੁਨੀਆਂ ਦੀ ਅਗਵਾਈ ਆਰਥਕ ਚਾਤੁਰਾਂ Experts ਤੇ ਮਾਇਆ ਧਾਰੀਆਂ ਦੇ ਹਥ ਆ ਗਈ ਹੈ। ਕਿਸੇ ਸੰਤ ਜਾਂ ਮਹਾਤਮਾਂ ਦਾ ਸਨਮਾਨ ਇਸ ਤਰ੍ਹਾਂ ਤਾਂ ਹੈ ਕਿ ਉਹਨਾਂ ਨੂੰ ਪ੍ਰਸ਼ਾਦਿ ਛਕਾ ਦਿਤਾ ਜਾਵੇ ਤੇ ਕੁਝ ਬਚਨ ਬਿਲਾਸ



www.AKJ.Org

ਕਰ ਖਿਆਲ-ਵਟਾਂਦਰਾ ਕਰ ਲਿਆ ਜਾਵੇ, ਪਰ ਇਸ ਤਰ੍ਹਾਂ ਨਹੀਂ ਕਿ ਉਹਨਾਂ ਨੂੰ ਕਿਸੇ ਧਾਰਮਕ ਕੰਮ ਦੀ ਪ੍ਰਧਾਨਗੀ ਜਾਂ ਸਪੁਰਦਗੀ ਦਿਤੀ ਜਾਵੇ, ਜਾਂ ਉਹਨਾਂ ਤੋਂ ਕੋਈ ਖਾਸ ਅਗਵਾਈ ਲੈ ਲਈ ਜਾਵੇ। ਜੋ ਪ੍ਰਬੰਧਕ ਅੰਮ੍ਰਿਤ ਵੇਲੇ ਦੀ ਵਿਸ਼ੇਸ਼ਤਾ ਨਹੀਂ ਜਾਣਦੇ, ਉਹ ਗੁਰਦਵਾਰੇ ਵਿਚ ਉਸ ਦੀ ਵਰਤੋਂ ਕੀ ਲਿਆਉਣਗੇ। ਕੈਲੀਫੋਰਨੀਆਂ ਅਮਰੀਕਾ ਦੇ ਗੁਰਦਵਾਰੇ ਦੇ ਤਕਰੀਬਨ ਸਾਰੇ ਪ੍ਰਬੰਧਕ ਪਤਿਤ ਹਨ, ਕੀ ਆਪ ਵਿਚਾਰ ਸਕਦੇ ਹੋ ਕਿ ਉਥੇ ਕਦੇ ਅੰਮ੍ਰਿਤ ਪ੍ਰਚਾਰ ਵੀ ਹੋ ਸਕਦਾ ਹੈ ?

ਸਤਿਸੰਗ ਘਟਣ ਦਾ ਇਕ ਕਾਰਨ ਹੋਰ ਵੀ ਹੈ। ਛਾਪੇਖਾਨੇ ਦੀ ਮੇਹਰਬਾਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਹਲ ਪ੍ਰਾਪਤ ਹੋ ਆਈ ਹੈ। ਇਸ ਦਾ ਵੱਡਾ ਸੁਖ ਇਹ ਤਾਂ ਜ਼ਰੂਰ ਨਿਕਲਿਆ ਕਿ ਗੁਰਬਾਣੀ ਹਰ ਇਕ ਨੂੰ ਸਹਿਜੇ ਹੀ ਪ੍ਰਾਪਤ ਹੋ ਗਈ, ਪਰ ਘਰ ਵਿਚ ਮਹਾਰਾਜ ਪ੍ਰਕਾਸ਼ ਕਰਨ ਨਾਲ ਕੁਝ ਕੂੜੀ ਤਸੱਲੀ ਭੀ ਆ ਗਈ ਕਿ ਘਰ ਸਿਰਫ ਵਾਕ ਲੈ ਲੈਣ ਨਾਲ ਗੁਰਦਵਾਰੇ ਜਾਣ ਦੀ, ਕੀਰਤਨ ਸੁਨਣ ਦੀ ਅਤੇ ਸਤਿਸੰਗ ਵਿਚ ਜਾਣ ਦੀ ਕੋਈ ਲੋੜ ਨਹੀਂ ਰਹੀ। ਇਹ ਸਭ ਪ੍ਰਚਾਰ ਦਾ ਘਾਟਾ ਹੀ ਦਰਸਾਉਂਦਾ ਹੈ, ਬਾਣੀ ਦਾ ਪਾਠ ਕਰਨ ਵਾਲੀ ਲੀਹ ਤੋਂ ਐਸੇ ਡਿਗੇ ਕਿ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨ ਲਈ ਪਦ-ਛੇਦ ਬੀੜ ਵੀ ਸੌਖੀ ਜਚਣ ਲਗ ਪਈ। ਆਰ-ਥਕ ਨਜ਼ਰਾਂ ਨੇ ਗੁਰਤੱਵ ਦੇਖਣੋਂ ਨਾਂਹ ਕਰ ਦਿਤੀ। ਗੁਰਬਾਣੀ ਵਿਚ ਸਿਰਫ ਆਚਰਣ ਤੇ ਫਲਸਫਾ (ਦਰਸ਼ਨ)ਹੀ ਤਕਿਆ। ਵਾਕ ਲੈਣਾ ਇਕ ਕਰਮ ਬਣ ਗਿਆ। ਜਦ ਅੰਮ੍ਰਿਤ ਹੀ ਨਹੀਂ ਚਾਹੀਦਾ ਤਾਂ ਉਸ ਦੇ ਵੇਲੇ ਦੀ ਕੀਮਤ ਕੂਤ ਹੀ ਕੋਈ ਨਹੀਂ ਹੋ ਸਕਦੀ। ਲੋਕ-ਰਾਇ ਜਿਸ ਨੂੰ ਸੰਗਤ ਦਾ ਹੁਕਮ ਕਹਿਕੇ ਟਪਲਾਇਆ ਜਾਂਦਾ ਹੈ, ਦੀ ਆੜ ਹੇਠ, ਗੁਰਮਤਿ ਛਡ ਕਈ ਮਨਮਤਾਂ ਚੱਲ ਪਈਆਂ ਹਨ। ਇਨ੍ਹਾਂ ਗਲਾਂ ਦਾ ਪੁੰਗਰਦੀ ਪਨੀਰੀ—ਸਾਡੇ ਨੌਜੁਆਨਾਂ ਬਚਿਆਂ-ਤੇ ਬੜਾ ਹਾਨੀਕਾਰਕ ਅਸਰ ਪੈਂਦਾ ਹੈ। ਨਵੀਆਂ ਚਲੀਆਂ ਰਵਾਇਤਾਂ ਨੇ ਸਾਡੀ ਸਭਿਅਤਾ ਨੂੰ ਬੁਰੀ ਤਰਾਂ ਮੋੜਿਆ ਤੋੜਿਆ ਹੈ। ਗੁਰ ਮਰਿਯਾਦਾ ਭੁਲ ਰਹੀ ਹੈ।

ਇਹ ਦਰਦ ਭਰਿਆ ਦ੍ਰਿਸ਼, ਪਿਛਲੇ ਕੁਝ ਸਾਲਾਂ ਦਾ ਦੇਸ਼ ਬਦੇਸ਼ ਦਾ ਤਜਰਬਾ ਤੇ ਅਨੁਭਵ, ਤੇ ਉਨ੍ਹਾਂ ਵਾਯੂ ਮੰਡਲਾਂ ਵਿਚ ਵਿਚਰਨਾ ਤੇ ਉਨ੍ਹਾਂ ਵਡਕਿਆਂ ਨਾਲ ਟਾਕਰਾ, ਜਿਥੇ ਇਹੋ ਜਿਹੇ ਨਾਂ ਸਿਰਫ ਸੁਆਲ ਹੀ ਉਠਾਏ ਜਾਂਦੇ ਹਨ, ਸਗੋਂ ਉਨਾਂ ਦਾ ਪ੍ਰਭਾਵ ਪਾਕੇ ਮਨਮਤਿ ਦਾ ਵੇਗ ਚਲਾਉਣ ਵਿਚ ਤਤਪਰ ਹਨ; ਆਦਿ ਵਰਗੇ ਵਾਤਾਵਰਨ, ਨੇ ਗੁਰੂ ਆਗਿਆ ਵਿਚ ਮਜਬੂਰ ਕੀਤਾ ਕਿ ਅੰਮ੍ਰਿਤ ਵੇਲੇ ਦੇ ਕਈ ਇਕ ਪ੍ਰਸ਼ਨਾਂ ਦਾ ਉਤਰ, ਅੰਮ੍ਰਿਤ ਵੇਲੇ ਦੀ ਮਹੱਤਤਾ, ਉਸ ਦੀ ਗੁਰਬਾਣੀ ਅਨੁਸਾਰ ਵਿਚਾਰ, ਗੁਰੂ ਬਖਸ਼ੀ ਬੁੱਧੀ ਅਨੁਸਾਰ, ਹਰ ਪ੍ਰਾਣੀ, ਜੋ ਸਿਖ ਅਖਵਾਉਂਦਾ ਹੈ, ਦੇ ਭੇਟ ਕਰਾਂ ਤਾਂ ਜੋ ਅੰਮ੍ਰਿਤ ਵੇਲੇ ਦੀ ਠੀਕ ਵਰਤੋਂ, ਗੁਰ-ਸਿਖਿਆ ਅਨੁਸਾਰ ਮੁੜ ਚੱਲ ਪਏ। ਆਸ ਕੀਤੀ ਜਾਂਦੀ ਹੈ ਕਿ ਗੁਰੂ ਚਰਨਾਂ ਦੇ ਭੌਰੇ ਅੰਮ੍ਰਿਤ ਵੇਲੇ ਦੇ ਨੇਮੀ ਇਸ ਨੂੰ ਪਿਆਰ ਤੇ ਉਤਸ਼ਾਹ ਨਾਲ ਅਪਨਾਉਣਗੇ ਤੇ ਹੋਰਨਾਂ ਨੂੰ ਇਸਦੇ ਪੜ੍ਹਨ ਤੇ ਅਮਲ ਦੀ ਪਰੇਰਨਾਂ ਕਰਨਗੇ।



www.AKJ.Org

# ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ

( ਲੜੀ ਨੰਬਰ ੨ )

## ਦਰਸ਼ਨ ਗੁਰਦੁਆਰਾ ਸਾਹਿਬ ਮਾਤਾ ਸੁੰਦਰੀ ਦਿਲੀ

ਮਿਤੀ ੨੯-੯-੬੭ ਨੂੰ ਅੰਮ੍ਰਿਤ ਵੇਲੇ ਸੰਗਤਾਂ ਸਾਢੇ ਪੰਜ ਵਜੇ ਗੁਰਦੁਆਰਾ ਸਾਹਿਬ ਜਾ ਪੁਜੀਆਂ। ਸੰਗਤਾਂ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਇਸ ਅਸਥਾਨ ਪਰ ਮਾਤਾ ਸੁੰਦਰੀ ਜੀ ਨੇ ੪੦ ਸਾਲ ਅਤੇ ਮਾਤਾ ਸਾਹਿਬ ਦੇਵਾਂ ਜੀ ਨੇ ੩੦ ਸਾਲ ਘੋਰ ਤਪਸਿਆ ਕੀਤੀ। ਗੁਰੂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਚਖੰਡ ਪਿਆਨੇ ਕਰਨ ਸਮੇਂ ਤੋਂ ਪਹਿਲਾਂ ਮਾਤਾ ਸਾਹਿਬ ਦੇਵਾਂ (ਕੌਰ) ਜੀ ਨੂੰ ਪੰਜ ਸ਼ਸ਼ਤਰ ਜੋ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿਸ਼ਾਨੀ ਸਨ ਭੇਟਾ ਕਰਕੇ ਹੁਕਮ ਕੀਤਾ ਸੀ ਕਿ ਆਪ ਦਿਲੀ ਨੂੰ ਜਾਓ। ਮਾਤਾ ਜੀ ਨੇ ਕਿਹਾ, ਮੈਂ ਆਪ ਜੀ ਦੇ ਦਰਸ਼ਨ ਬਿਨਾ ਕਿਵੇਂ ਜੀ ਸਕਾਂਗੀ ? ਦਸਮ ਪਾਤਸ਼ਾਹ ਜੀ ਨੇ ਉਤਰ ਦਿਤਾ ਕਿ ਆਪ ਅੰਮ੍ਰਿਤ ਵੇਲੇ ਇਨ੍ਹਾਂ ਪਵਿਤ੍ਰ ਸ਼ਸ਼ਤਰਾਂ ਨੂੰ ਇਸ਼ਨਾਨ ਕਰਾਕੇ ਮੇਰੇ ਪ੍ਰਤਖ ਦਰਸ਼ਨ ਕਰ ਸਕਦੇ ਹੋ। ਮਾਤਾ ਜੀ ਨੇ ਹੁਕਮ ਦੀ ਪਾਲਨਾ ਕੀਤੀ ਤੇ ਪੰਜ ਸ਼ਸ਼ਤਰ ਲੈ, ਇਥੇ ਆ ਬਿਰਾਜੇ। ਉਨ੍ਹਾਂ ਸ਼ਸਤਰਾਂ ਵਿਚੋਂ ਸ਼ਸ਼ਤਰ ਪਿਛੇ ਜਿਹੇ ਚੋਰੀ ਹੋ ਚੁਕੇ ਹਨ ਅਤੇ ਸ਼ਸ਼ਤਰਾਂ ਦੇ ਸੰਗਤ ਨੂੰ ਖੁਲ੍ਹੇ ਦਰਸ਼ਨ ਕਰਾਏ ਜਾਂਦੇ ਹਨ। ਇਥੋਂ ਸੰਗਤਾਂ ਨੇ ਗੁਰਦੁਆਰਾ ਸੀਸ ਗੰਜ ਲਈ ਚਾਲੇ ਪਾਏ। ਸੰਗਤਾਂ ਨੇ ਬਸਾਂ ਵਿਚ ਇਸ ਸ਼ਬਦ ਦਾ ਕੀਰਤਨ ਅਰੰਭਿਆ।

ਤੇਗ ਬਹਾਦਰ ਸਿਮਰਿਐ,
ਘਰ ਨਉ ਨਿਧ ਆਵੈ ਧਾਇ
ਸਭ ਥਾਈਂ ਹੋਇ ਸਹਾਇ॥

ਗੁਰਦੁਆਰਾ ਸੀਸ ਗੰਜ ਸਾਹਿਬ ਦੇ ਦਰਸ਼ਨ ਤੋਂ ਉਪਰੋਕਤ ਅਸੀਂ ਗੁਰਦੁਆਰਾ ਬਾਲਾ ਸਾਹਿਬ ਪੁਜੇ।

## ਦਰਸ਼ਨ ਗੁਰਦੁਆਰਾ ਬਾਲਾ ਸਾਹਿਬ ਦਿਲੀ

ਇਹ ਉਹ ਪਵਿਤਰ ਅਸਥਾਨ ਹੈ, ਜਿਥੇ ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕਿਸ਼ਨ ਸਾਹਿਬ ਜੀ ਅਚਾਨਕ ਗੁਰਦੁਆਰਾ ਬੰਗਲਾ ਸਾਹਿਬ ਬੀਮਾਰ ਹੋ ਗਏ ਤਾਂ ਸੰਗਤਾਂ ਨੂੰ ਹੁਕਮ ਦਿਤਾ ਕਿ ਜਮਨਾ ਦੇ ਕਿਨਾਰੇ ਖੁਲੇ ਮੈਦਾਨ ਵਿਚ ਲੈ ਜਾਇਆ ਜਾਵੇ। ਸੰਗਤਾਂ ਨੇ ਗੁਰੂ ਸਾਹਿਬ ਦਾ ਹੁਕਮ ਮਨ ਇਥੇ ਆ ਤੰਬੂ ਗੱਡ ਦਿਤੇ, ਸੰਗਤਾਂ ਨੇ ਬੇਨਤੀ ਕਰਕੇ ਪੁਛਿਆ ਕਿ ਆਪ ਜੀ ਨੇ ਸਚਖੰਡ ਤਿਆਰੇ ਕਰ ਲਏ ਹਨ, ਪਿਛੇ ਗੁਰਗੱਦੀ ? ਉਤਰ ਵਿਚ ਗੁਰੂ ਸਾਹਿਬ ਨੇ ਬਾਬੇ ਬਕਾਲੇ ਦਾ ਇਸ਼ਾਰਾ ਕਰਕੇ ਚੇਤ ਸੁਦੀ ਪੰਜ ਸੰਮਤ ੧੭੨੧



www.AKJ.Org

ਨੂੰ ਸੱਚਖੰਡ ਤਿਆਰੇ ਕਰ ਲਏ । ਇਸ ਅਸਥਾਨ ਪਰ ਹੀ ਮਾਤਾ ਸੁੰਦਰੀ ਜ਼ੀ ਅਤੇ ਮਾਤਾ ਸਾਹਿਬ ਕੌਰ ਜ਼ੀ ਦੇ ਭੀ ਅੰਗੀਠੇ ਹਨ । ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸੰਗਤਾਂ ਨੇ ਆਗਰੇ ਲਈ ਚਾਲੇ ਪਾਏ ।

## ਦਰਸ਼ਨ ਗੁਰਦੁਆਰਾ ਸਾਹਿਬ (ਦੂਖਨਿਵਾਰਨ) ਤਾਲ ਸਾਹਿਬ ਆਗਰਾ

ਇਹ ਪਵਿਤਰ ਅਸਥਾਨ ਆਗਰਾ ਤੋਂ ੮ ਮੀਲ ਦਿਲੀ ਵਲ ਨੂੰ ਹੈ । ਸਾਡੀਆਂ ਬਸਾਂ ਡੇਢ ਬਜੇ ਪੁਜੀਆਂ ਅਤੇ ਗੁਰਦੁਆਰਾ ਸਾਹਿਬ ਦੇ ਜਾ ਦਰਸ਼ਨ ਕੀਤੇ । ਇਸ ਅਸਥਾਨ ਪਰ ਨਾਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਔਰੰਗਜ਼ੇਬ ਬਾਦਸ਼ਾਹ ਨੇ ਗਰਿਫ਼ਤਾਰ ਕਰਨ ਮਗਰੋਂ ਏਥੇ ੪ ਦਿਨ ਰਖਿਆ । ਗੁਰੂ ਸਾਹਿਬ ਕਰਨਾਲ ਤੋਂ ਰੋਹਤਕ ਅਤੇ ਰੋਹਤਕ ਤੋਂ ਆਗਰੇ ਪੁਜੇ। ਔਰੰਗਜ਼ੇਬ ਨੇ ਸੋਚਿਆ ਕਿ ਗੁਰੂ ਸਾਹਿਬ ਹਰਨ ਹੋ ਗਏ ਹਨ, ਔਰੰਗਜ਼ੇਬ ਨੇ ਪੰਜ ਸੌ ਮੋਹਰਾਂ ਇਨਾਮ ਰਖਦਿਤੀਆਂ ਕਿ ਜੋ ਕੋਈ ਪਤਾ ਦਸੇਗਾ ਪੰਜ ਸੌ ਮੋਹਰਾਂ ਇਨਾਮ ਮਿਲਣਗੀਆਂ । ਇਕ ਆਜੜੀ ਗੁਰੂ ਸਾਹਿਬ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ ਮੈਂ ਗ਼ਰੀਬ ਹਾਂ, ਮੈਨੂੰ ਕੁਝ ਬਖ਼ਸ਼ਸ਼ ਦਿਓ । ਗੁਰੂ ਸਾਹਿਬ ਨੇ ਕਿਹਾ ਕਿ ਮੇਰਾ ਔਰੰਗਜ਼ੇਬ ਨੇ ਪੰਜ ਸੌ ਮੋਹਰਾਂ ਇਨਾਮ ਰਖਿਆ ਹੋਇਆ ਹੈ, ਪੁਲਸ ਨੂੰ ਖ਼ਬਰ ਕਰ ਦੇਹ, ਉਹ ਇਨਾਮ ਤੈਨੂੰ ਮਿਲ ਜਾਵੇਗਾ । ਆਜੜੀ ਨੇ ਇਨਕਾਰ ਕਰ ਦਿਤਾ ਕਿ ਮੈਂ ਇਹ ਕੰਮ ਨਹੀਂ ਕਰ ਸਕਦਾ । ਗੁਰੂ ਸਾਹਿਬ ਨੇ ਆਜੜੀ ਨੂੰ ਇਕ ਲੋਆ ਅਤੇ ਆਪਣੀ ਛਾਪ ਦੇ ਦਿਤੀ ਕਿ ਮੇਰੇ ਪਾਸ ਇਹ ਹਨ ਲੈ ਜਾਓ । ਆਜੜੀ ਛਾਪ ਪ੍ਰਾਪਤ ਕਰ ਕੇ ਆਗਰੇ ਸ਼ਹਿਰ ਵੇਚਣ ਚਲਾ ਗਿਆ । ਦੁਕਾਨਦਾਰ ਨੇ ਸੋਚਿਆ ਕਿ ਇਹ ਗ਼ਰੀਬ ਆਜੜੀ ਹੈ ਅਤੇ ਛਾਪ ਕਿਸੇ ਚੰਗੇ ਅਮੀਰ ਆਦਮੀ ਦੀ ਹੈ, ਕਿਧਰੇ ਚੋਰੀ ਨਾ ਕੀਤੀ ਹੋਵੇ । ਦੁਕਾਨਦਾਰ ਨੇ ਪੁਲਸ ਨੂੰ ਖਬਰ ਕਰ ਦਿਤੀ। ਪੁਲਸ ਨੇ ਆਜੜੀ ਨੂੰ ਫੜ, ਮਾਰ ਕੁਟਾਈ ਕੀਤੀ । ਆਜੜੀ ਨੇ ਸਾਰੀ ਵਾਰਤਾ ਕਹਿ ਸੁਣਾਈ । ਬਸ ਕੀ ਸੀ ਪੁਲਸ ਨੇ ਗੁਰੂ ਸਾਹਿਬ ਨੂੰ ਜਾ ਫੜਿਆ ਅਤੇ ੪ ਦਿਨ ਇਸ ਅਸਥਾਨ ਪਰ ਰਖਿਆ । ਹੁਣ ਇਸ ਪਵਿਤ੍ਰ ਅਸਥਾਨ ਪਰ ਪੂਰਨਮਾਸ਼ੀ ਦਾ ਜੋੜਮੇਲਾ ਹੁੰਦਾ ਹੈ ਅਤੇ ਜਿਸ ਖੂਹ ਤੋਂ ਗੁਰੂ ਸਾਹਿਬ ਇਸ਼ਨਾਨ ਕਰਦੇ ਸਨ ਉਸਦੇ ਜਲ ਨਾਲ ਸਭ ਦੁਖ ਦੂਰ ਹੁੰਦੇ ਹਨ ।

## ਦਰਸ਼ਨ ਗੁਰਦੁਵਾਰਾ ਸਾਹਿਬ ਮਾਈ ਥਾਨ ਆਗਰਾ

ਢਾਈ ਵਜੇ ਸਾਡੀਆਂ ਬਸਾਂ ਆਗਰੇ ਪੁਜੀਆਂ ਅਤੇ ਗੁਰਦਵਾਰਾ ਮਾਈ ਥਾਨ ਦੇ ਜਾ ਦਰਸ਼ਨ ਕੀਤੇ । ਆਗਰੇ ਦੀਆਂ ਸੰਗਤਾਂ ਬੜੀ ਉਡੀਕ ਵਿਚ ਸਨ ਅਤੇ ਕੀਰਤਨ ਹੋ ਰਿਹਾ ਸੀ ।

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ।
ਹਰਿ ਜਸੁ ਤੁਮ ਸੰਗਿ ਗਾਵਨਾ ।

ਯਾਤਰੂ ਜੱਥੇ ਨੇ ਭੀ ਇਕ ਘੰਟਾ ਪ੍ਰੇਮ ਮਈ ਕੀਰਤਨ ਕੀਤਾ ਅਤੇ ਦੁਪਹਿਰ ਦਾ ਲੰਗਰ ਛਕਿਆ ਜੋ ਆਗਰੇ ਦੀ ਸੰਗਤ ਵਲੋਂ ਤਿਆਰ ਸੀ । ਇਸ ਗੁਰਦਵਾਰਾ ਸਾਹਿਬ ਦਾ ਇਤਿਹਾਸ ਇਹ ਹੈ ਇਸ ਜਗਾ ਇਕ ਬਿਰਧ ਮਾਈ ਦਾ ਘਰ ਸੀ ਅਤੇ ਉਸ ਨੇ ਆਪਣੇ ਹਥ ਨਾਲ ਕਤਕੇ ਅਤੇ ਬੁਣਕੇ ਗੁਰੂ ਸਾਹਿਬ ਦੇ ਨਮਿਤ ਕਪੜੇ ਦਾ ਇਕ ਥਾਨ ਰਖਿਆ ਹੋਇਆ ਸੀ । ਗੁਰੂ ਨਾਨਕ ਸਾਹਿਬ ਫਿਰਦੇ ਫਿਰਦੇ ਇਥੇ ਪੁਜੇ ਅਤੇ ਆ ਮਾਈ ਦਾ



www.AKJ.Org

ਦਰਵਾਜ਼ਾ ਖੜਕਾਇਆ। ਮਾਈ ਨੇ ਦਰਸ਼ਨ ਕਰ ਉਹ ਕਪੜੇ ਦਾ ਥਾਨ ਗੁਰੂ ਸਾਹਿਬ ਨੂੰ ਭੇਟ ਕੀਤਾ ਅਤੇ ਆਪਣੇ ਘਰ ਨੂੰ ਗੁਰੂ ਘਰ ਬਣਾ ਦਿਤਾ। ਜਿਸ ਦਾ ਨਾਮ ਗੁਰਦਵਾਰਾ ਮਾਈ ਥਾਨ ਪਿਆ ਅਤੇ ਮਹਲੇ ਦਾ ਨਾਮ ਭੀ ਮਾਈ ਥਾਨ ਮਹਲਾ ਹੈ। ਸੰਗਤਾਂ ਨੇ ਰਸਤੇ ਵਿਚ ਰੋਜ਼ਾ ਤਾਜ ਮਹਲ ਭੀ ਦੇਖਿਆ ਪ੍ਰੰਤੂ ਇਕ ਨਜ਼ਰ ਹੀ ਦੇਖਕੇ ਅਗੇ ਲਈ ਤਿਆਰੇ ਕਰ ਲਏ ਮਾਨੋ ਕਿ ਸੰਗਤ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਅਤੇ ਇਥੇ ਸਭ ਤੋਂ ਵਡੀ ਇਹ ਘਾਟ ਡਿਠੀ ਕਿ ਕ੍ਰੋੜਾਂ ਰੁਪਏ ਬਰਬਾਦ ਕਰਕੇ ਅਜੂਬਾ ਬਨਾਇਆ ਗਿਆ ਤੇ ਅੰਦਰ ਛਕਨ ਲਈ ਜਲ ਵੀ ਨਹੀਂ ਹੈ।

## ਸੰਗਤਾਂ ਦਾ ਗਵਾਲੀਅਰ ਪੁਜਣਾ

ਰਸਤੇ ਵਿਚ ਬਸਾਂ ਵਿਚ ਕੀਰਤਨ ਹੁੰਦਾ ਹੋਇਆ ਸਾਢੇ ਦਸ ਵਜੇ ਰਾਤ ਬਸਾਂ ਗਵਾਲੀਅਰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਫੂਲ ਬਾਗ ਪੁਜੀਆਂ ਅਤੇ ਅਗੇ ਗੁਰਦੁਆਰਾ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਆਰੰਭ ਸੀ ਇਸ ਸ਼ਬਦ ਦਾ ਕੀਰਤਨ ਹੋ ਰਿਹਾ ਸੀ।

ਹਰਿ ਜਨ ਰਾਖੇ ਗੁਰ ਗੋਬਿੰਦ।
ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ॥

ਅਤੇ ਇਸ ਲੈ ਵਿਚ ਸ਼ਬਦ ਕੀਰਤਨ ਹੋ ਰਿਹਾ ਸੀ ਕਿ ਮਾਨੋ ਸੰਗਤਾਂ ਨੂੰ ਲਾਲੀਆਂ ਚੜ੍ਹੀਆਂ ਹੋਈਆਂ ਸਨ ਅਤੇ ਅੰਮ੍ਰਿਤ ਗਟਾਕ ਪੀਤਾ ਜਾ ਰਿਹਾ ਸੀ। ਸੰਗਤਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਵਾਗਤ ਕੀਤਾ। ਇਹ ਸਾਡਾ ਪਹਿਲਾ ਦਿਨ ਸੀ ਕਿ ਅਸੀਂ ਲੇਟ ਪੁਜੇ ਅਤੇ ਕਾਫ਼ੀ ਸੰਗਤਾਂ ਉਡੀਕ ਉਡੀਕ ਜਾ ਚੁਕੀਆਂ ਸਨ ਪਰ ਫਿਰ ਭੀ ਕਾਫ਼ੀ ਰੌਣਕ ਸੀ। ਲੰਗਰ ਛਕਣ ਮਗਰੋਂ ਗਵਾਲੀਅਰ ਦੀ ਸੰਗਤ ਵਲੋਂ ਬੇਨਤੀ ਕੀਤੀ ਗਈ ਕਿ ਅੰਮ੍ਰਿਤ ਸੰਚਾਰ ਸਮਾਗਮ ਰਚਿਆ ਜਾਵੇ ਅਤੇ ਫੌਜਾਂ ਨੂੰ ਤਿਆਰ ਬਰ ਤਿਆਰ ਕੀਤਾ ਜਾਵੇ। ਯਾਤਰੂ ਇਤਨੀ ਥਕਾਵਟ ਹੁੰਦੇ ਹੋਏ ਭੀ ਜਵਾਬ ਨਾ ਦੇ ਸਕੇ ਕਿਉਂਕਿ ਇਹਨਾਂ ਦਾ ਪਹਿਲਾ ਕੰਮ ਹੀ ਗੁਰਸ਼ਿਖੀ ਦਾ ਪ੍ਰਚਾਰ ਹੈ। ਉਸੀ ਵਕਤ ਗੁਰੂ ਰੂਪ ਪੰਜ ਪਿਆਰਿਆਂ ਦੀ ਚੋਣ ਕੀਤੀ ਗਈ ਤੇ ਅੰਮ੍ਰਿਤ ਸੰਚਾਰ ਦਾ ਸਮਾਗਮ ਰਚ ਦਿਤਾ। ਸਾਰੀ ਰਾਤ ਕੀਰਤਨ ਦੀ ਅੰਮ੍ਰਿਤ ਵਰਖਾ ਹੁੰਦੀ ਰਹੀ। ੯ ਲਖ ਫੌਜ ਨੇ ਅੰਮ੍ਰਿਤ ਛਾਂਦੇ ਭੁੰਚੇ। ਅੰਮ੍ਰਿਤ ਸੰਚਾਰ ਹੁੰਦੇ ਸਮੇਂ ਦੋ ਨੌਜਵਾਨ ਨਾਮਧਾਰੀ ਸਿੰਘ ਭੀ ਨਾਮੁ ਦੀ ਦਾਤ ਪ੍ਰਾਪਤ ਕਰਨ ਲਈ ਪੇਸ਼ ਹੋਏ ਜਿਨ੍ਹਾਂ ਦੀ ਘਾਲ ਥਾਏ ਪਈ। ਜਦ ਨਾਮਧਾਰੀ ਸਿੰਘਾਂ ਦੇ ਪ੍ਰੀਵਾਰਾਂ ਨੂੰ ਪਤਾ ਲਗਾ ਕਿ ਸਾਡੇ ਬਚੇ ਭੀ ਜਾ ਸ਼ਾਮਲ ਹੋਏ ਤਾਂ ਲਗੇ ਕੋਸ਼ਿਸ਼ ਕਰਨ ਪਿਛਾਂ ਖਿਚਣ ਨੂੰ ਪ੍ਰੰਤੂ ਉਹ ਸੁਭਾਗੇ ਜਹਾਜ਼ੇ ਚੜ੍ਹ ਚੁਕੇ ਸਨ ਅਤੇ ਉਹਨਾਂ ਨੂੰ ਕੋਈ ਤਾਕਤ ਪਿਛਾਂ ਨਹੀਂ ਸੀ ਮੋੜ ਸਕਦੀ। ਅੰਮ੍ਰਿਤ ਵੇਲੇ ਮਿਤੀ ੩੦-੯-੬੭ ਨੂੰ ਰੈਣ ਸਬਾਈ ਕੀਰਤਨ ਦਾ ਭੋਗ ਪਿਆ ਤੇ ਸੰਗਤਾਂ ਨੇ ਬਨਫਸ਼ਾ ਛਕ ਗੁਰਦੁਆਰਾ ਸਾਹਿਬ ਬੰਦੀਛੋੜ ਦੇ ਦਰਸ਼ਨਾਂ ਲਈ ਬਸਾਂ ਰਾਹੀਂ ਤਿਆਰੇ ਕਰ ਲਏ।

## ਦਰਸ਼ਨ ਗੁਰਦੁਆਰਾ ਸਾਹਿਬ ਦਾਤਾ ਬੰਦੀਛੋੜ ਗਵਾਲੀਅਰ

ਸਵੇਰੇ ੭ ਵਜੇ ਸਾਡੀਆਂ ਬਸਾਂ ਗੁਰਦੁਆਰਾ ਸਾਹਿਬ ਪੁਜੀਆਂ ਅਤੇ ਬਸਾਂ ਪਹਾੜੀ ਤੋਂ ਥਲੇ ਹੀ ਖੜੀਆਂ ਕਰ ਦਿਤੀਆਂ ਗਈਆਂ ਅਤੇ ਸੰਗਤਾਂ ਨੇ ਪੌਰੀਂ ਚੜਾਈ ਚੜ੍ਹਨੀ ਸ਼ੁਰੂ ਕੀਤੀ। ਰਸਤੇ



www.AKJ.Org

ਵਿਚ ਸੜਕ ਦੇ ਦੋਹਾਂ ਪਾਸਿਆਂ ਤੇ ਪਹਾੜੀ ਸੀ, ਜਿਸ ਵਿਚ ਇਨਸਾਨਾਂ ਤੇ ਦੇਵਤਿਆਂ ਦੀਆਂ ਮੂਰਤਾਂ ਘੜੀਆਂ ਹੋਈਆਂ ਸਨ ਜੋ ਬੁਧ ਮਤ ਸਮੇਂ ਦੀਆਂ ਦਸੀਆਂ ਜਾਂਦੀਆਂ ਹਨ। ਕਿਲੇ ਦੇ ਨੇੜੇ ਜਾਕੇ ਸਜੇ ਹੱਥ ਨੂੰ ਇਕ ਆਦਮੀ ਦੀ ਮੂਰਤੀ ਬਣੀ ਹੋਈ ਸੀ ਜੋ ੭੨ ਫੁਟ ਲੰਬੀ ਦਸੀ ਜਾਂਦੀ ਹੈ। ਹਿੰਦੁਸਤਾਨ ਵਿਚ ਸਭ ਤੋਂ ਵਡੀ ਮੂਰਤੀ ਹੈ ਪਰੰਤੂ ਸੰਗਤਾਂ ਤਾਂ ਛੇਵੇਂ ਪਾਤਸ਼ਾਹ ਦਾਤਾ ਬੰਦੀ ਛੋੜ ਦੇ ਉਸ ਪਵਿਤਰ ਅਸਥਾਨ ਦੇ ਦਰਸ਼ਨ ਦੀ ਤਾਂਘ ਵਿਚ ਸਨ ਕਿ ਉਹ ਅਸਥਾਨ ਕਦ ਨਜ਼ਰੀਂ ਆਵੇ ਤੇ ਅਸੀਂ ਧੂੜੀ ਮਸਤਕ ਲਾਈਏ ਇਸ ਲਈ ਸੰਗਤਾਂ ਇਕ ਨਜ਼ਰ ਦੇਖਦੇ ਹੀ ਅਗੇ ਵਧੀਆਂ। ਸੰਗਤਾਂ ਨੇ ਪਲ ਵਿਚ ਹੀ ਉਸ ਅਸਥਾਨ ਦੇ ਜਾਏ ਦਰਸ਼ਨ ਕੀਤੇ। ਦਰਸ਼ਨ ਕਰਨ ਉਪ੍ਰੰਤ ਭਾਈ ਜੀਵਨ ਸਿੰਘ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ।

ਗੁਰੂ ਸਾਡਾ ਬੰਦੀ ਛੋੜ ਹੈ।

ਸੰਗਤਾਂ ਨੇ ਵੀ ਪਿਛੇ ਪਿਛੇ ਸ਼ਬਦ ਦਾ ਉਚਾਰਨ ਕੀਤਾ। ਅਤੇ ਉਸ ਸਮੇਂ ਇਸ ਤਰਾਂ ਦਿਖਾਈ ਦੇਂਦਾ ਸੀ ਕਿ ਮਾਨੋਂ ਛੇਵੇਂ ਪਾਤਸ਼ਾਹ ਬੰਦੀ ਛੋੜ ਆਪ ਹਾਜ਼ਰ ਨਾਜ਼ਰ ਹਨ। ਸ਼ਬਦ ਦੀ ਸਮਾਪਤੀ ਮਗਰੋਂ ਗੁਰਦੁਵਾਰਾ ਸਾਹਿਬ ਦਾ ਇਤਹਾਸ ਸੁਣਾਇਆ ਗਿਆ ਕਿ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਨੂੰ ਜਹਾਂਗੀਰ ਬਾਦਸ਼ਾਹ ਨੇ ਮਿਲਣ ਲਈ ਦਿਲੀ ਬੁਲਾਇਆ ਅਤੇ ਦਰਸ਼ਨ ਕਰਨ ਮਗਰੋਂ ਕਿਹਾ ਕਿ ਆਪ ਸਾਡੇ ਨਾਲ ਸ਼ਿਕਾਰ ਖੇਡਨ ਲਈ ਚਲੋ ਰਸਤੇ ਵਿਚ ਬਾਦਸ਼ਾਹ ਨੇ ਨੌਕਰਾਂ ਪਾਸੋਂ ਘੇਰਾ ਪਵਾਕੇ ਇਕ ਸ਼ੇਰ ਨੂੰ ਗੁਰੂ ਜੀ ਵਲ ਕਰ ਦਿਤਾ। ਗੁਰੂ ਮਹਾਰਾਜ ਬੰਦੀ ਛੋੜ ਜੀ ਨੇ ਸ਼ੇਰ ਨੂੰ ਆਉਂਦੇ ਹੀ ਫੜ ਲਿਆ ਅਤੇ ਸ਼ੇਰ ਦੀਆਂ ਦੋਵੇਂ ਅਗਲੀਆਂ ਲਤਾਂ ਫੜ ਕੇ ਵਿਚੋਂ ਚੀਰ ਦਿਤਾ। ਬਾਦਸ਼ਾਹ ਨੇ ਡਿਠਾ ਕਿ ਗੁਰੂ ਸਾਹਿਬ ਬੜੀ ਤਾਕਤ ਦੇ ਮਾਲਕ ਹਨ। ਉਸਨੂੰ ਆਪਣੇ ਆਪ ਨੂੰ ਖਤਰਾ ਭਾਸਿਆ। ਫਿਰ ਕੀ, ਗੁਰੂ ਸਾਹਿਬ ਨੂੰ ੧੨ ਸਾਲ ਲਈ ਇਸ ਕਿਲੇ ਵਿਚ ਕੈਦ ਕਰ ਦਿਤਾ ਜਿਥੇ ਅਗੇ ਭੀ ਕਈ ਰਾਜੇ ਉਸ ਦੀ ਕੈਦ ਵਿਚ ਸਨ। ਗੁਰੂ ਸਾਹਿਬ ਇਥੇ ਕੇਵਲ ਡੇਢ ਸਾਲ ਹੀ ਰਹੇ ਅਤੇ ਬਾਦਸ਼ਾਹ ਨੇ ਰਿਹਾਈ ਦਾ ਹੁਕਮ ਕਰ ਦਿਤਾ ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਕਿਹਾ ਕਿ ਮੈਂ ਇਕਲਾ ਨਹੀਂ ਜਾਣਾ ਬਾਕੀ ਰਾਜਿਆਂ ਨੂੰ ਭੀ ਛਡਿਆ ਜਾਵੇ। ਬਾਦਸ਼ਾਹ ਨੂੰ ਇਕ ਵਿਉਂਤ ਸੁਝੀ ਕਿ ਉਨ੍ਹਾਂ ਨੂੰ ਇਕ ਕਮੀਜ਼ ਜੋ ਕਿਸੇ ਜ਼ਹਿਰ ਨਾਲ ਭਰਿਆ ਹੋਇਆ ਸੀ ਦਿਤਾ ਕਿ ਇਹ ਕਮੀਜ਼ ਪਾ ਲਵੋ ਅਤੇ ਜਿਤਨੇ ਰਾਜੇ ਇਸ ਕਮੀਜ਼ ਨੂੰ ਫੜ ਕੇ ਬਾਹਰ ਜਾ ਸਕਣ, ਚਲੇ ਜਾਣ। ਬਾਦਸ਼ਾਹ ਨੇ ਸੋਚਿਆ ਕਿ ਕਮੀਜ਼ ਪਾਣ ਨਾਲ ਰੋਮਾਂ ਦੇ ਰਾਹੀਂ ਇਹ ਜ਼ਹਿਰ ਸਰੀਰ ਵਿਚ ਪ੍ਰਵੇਸ਼ ਕਰ ਜਾਵੇਗੀ ਅਤੇ ਗੁਰੂ ਸਾਹਿਬ ਕਾਲ ਵਸ ਹੋ ਜਾਣਗੇ, ਪ੍ਰੰਤੂ ਉਸ ਅਕਲ ਦੇ ਅੰਨੇ ਨੂੰ ਇਹ ਨਹੀਂ ਸੀ ਪਤਾ ਕਿ ਗੁਰੂ ਸਾਹਿਬ ਨੂੰ ਇਸ ਨਾਲ ਕੀ ਹੋਣਾ ਹੈ। ਗੁਰੂ ਸਾਹਿਬ ਨੇ ਉਹ ਕਮੀਜ਼ ਦੇ ਲੜ ਫੜਾ ਪਰ ਰਾਜਿਆਂ ਨੂੰ ਭੀ ਕੈਦੋਂ ਛੁਡਾ ਬਾਹਰ ਲਿਆਂਦਾ ਉਦੋਂ ਤੋਂ ਹੀ ਕਿਲੇ ਦੇ ਕ੍ਰਮਚਾਰੀਆਂ ਨੇ ਨਾਹਰੇ ਲਾਏ ਸਨ। ਜੈ ਦਾਤਾ ਬੰਦੀ ਛੋੜ। ਉਸੇ ਦਿਨ ਤੋਂ ਇਸ ਪਵਿਤਰ ਅਸਥਾਨ ਦਾ ਨਾਉਂ ਦਾਤਾ ਬੰਦੀ ਛੋੜ ਪਿਆ।



www.AKJ.Org

## ਅੰਮ੍ਰਿਤ ਵੇਲੇ ਗੈਬੀ ਅਵਾਜ਼ ਦਾ ਆਉਣਾ

ਇਥੋਂ ਦਾ ਇਤਿਹਾਸ ਸੁਣਾਂਦੇ ਹੋਏ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਾਹਿਬ ਨੇ ਦਸਿਆ ਕਿ ਇਸ ਮੰਜੀ ਸਾਹਿਬ ਦੀ ਥਾਂ ਪਹਿਲੇ ਇਕ ਕਬਰ ਨਮਾ ਥੜਾ ਹੁੰਦਾ ਸੀ। ਮੁਸਲਮਾਨ ਲੋਕ ਇਥੇ ਵੀਰਵਾਰ ਅਤੇ ਜੁਮੇ ਨੂੰ ਸਾਰੀ ਸਾਰੀ ਰਾਤ ਮੁਜਰੇ ਕਰਦੇ ਸਨ ਅਤੇ ਸੂਫੀ (ਫਕੀਰ) ਲੋਕ ਸਾਰੀ ਰਾਤ ਭਗਤੀ ਕਰਦੇ ਸਨ ਜਦ ਅੰਮ੍ਰਿਤ ਵੇਲੇ ਇਹ ਗੈਬੀ ਅਵਾਜ਼ ਆਉਂਦੀ ਸੀ।

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ
ਕਲਿ ਕਲੇਸ ਤਨ ਮਾਹਿ ਮਿਟਾਵਉ

ਤਾਂ ਸੂਫੀ ਲੋਕ ਕਹਿੰਦੇ ਸਨ ਕਿ ਹੁਣ ਸਾਡੀ ਭਗਤੀ ਸਫਲ ਹੋਈ ਹੈ। ਇਹ ਅਸਥਾਨ ੧੯੪੭ ਤੋਂ ਮਗਰੋਂ ਭੀ ਮੁਸਮਾਨਾਂ ਦੇ ਕਬਜ਼ੇ ਵਿਚ ਸੀ ਭਾ: ਸੁਮੇਰ ਸਿੰਘ ਨੇ ਦਸਿਆ ਕਿ ਇਕ ਦਿਨ ਸਿੰਘਾਂ ਨੇ ਗੁਰਦੁਆਰਾ ਫੂਲ ਬਾਗ ਸਾਹਿਬ ਤੋਂ ਅਰਦਾਸਾ ਕਰਕੇ ਕੁਝ ਸੀਮਿੰਟ ਅਤੇ ਥੋੜਾ ਬਹੁਤ ਮੁਰੰਮਤ ਦਾ ਸਾਮਾਨ ਲੈਕੇ ਅਧੀ ਰਾਤ ਨੂੰ ਕਿਲੇ ਵਲ ਤਿਆਰੀ ਕਰ ਲਈ ਅਤੇ ਮੱਤਾ ਪਾਸ ਹੋਇਆ ਕਿ ਜੇ ਕਰ ਕਿਲੇ ਦਾ ਦਰਵਾਜ਼ਾ ਬੰਦ ਭੀ ਹੋਇਆ ਤਾਂ ਸਿੰਘ ਕਿਲ੍ਹੇ ਦੀਆਂ ਕੰਧਾਂ ਟਪਕੇ ਭੀ ਅੰਦਰ ਜ਼ਰੂਰ ਪੁਜਣਗੇ, ਕਿਉਂਕਿ ਸ਼ਾਮ ਨੂੰ ਕਿਲ੍ਹੇ ਦਾ ਦਰਵਾਜ਼ਾ ਬੰਦ ਹੋ ਜਾਂਦਾ ਸੀ, ਜਿਸ ਨੂੰ ਪੰਜ ਕਿਲੋ ਦਾ ਜੰਦਾ ਲਗ ਜਾਂਦਾ ਸੀ ਤੇ ਜਿਸਦੀ ਚਾਬੀ ੬ ਛਟਾਂਕ ਦੀ ਅੰਦਰ ਦਫਤਰ ਵਿਚ ਜਾ ਜਮਾਂ ਹੁੰਦੀ ਸੀ ਅਤੇ ਦਰਵਾਜ਼ੇ ਪਰ ਚਿਟ ਲਗ ਜਾਂਦੀ ਸੀ ਜੋ ਸਵੇਰੇ ੬ ਵਜੇ ਖੁਲਦਾ ਸੀ। ਜਦ ਅਸੀਂ ਜੀਪ ਰਾਹੀਂ ਕਿਲੇ ਦੇ ਦਰਵਾਜ਼ੇ ਪਾਸ ਪੁਜੇ ਤਾਂ ਇਤਨੇ ਜ਼ੋਰ ਦੀ ਅਨੀ (ਹਨੇਰੀ) ਆਈ ਕਿ ਅਸੀਂ ਜੀਪ ਵਿਚ ਬੈਠੇ ਇਕ ਦੂਜੇ ਨੂੰ ਨਹੀਂ ਸੀ ਦੇਖ ਸਕਦੇ। ਹਨੇਰੀ ਦੇ ਨਾਲ ਹੀ ਅਚਾਨਕ ਦਰਵਾਜ਼ਾ ਖੁਲ ਗਿਆ ਅਤੇ ਅਸੀਂ ਗੁਰੂ ਦੀ ਮੇਹਰ ਸਦਕਾ ਇਸ ਪਵਿਤਰ ਅਸਥਾਨ ਪਰ ਆ ਪੁਜੇ। ਪੁਜਨ ਸਾਰ ਅਸੀਂ ਕਬਰ ਢਾਉਣ ਦਾ ਕੰਮ ਅਰੰਭ ਦਿਤਾ ਅਤੇ ਉਸ ਦੀ ਥਾਂ ਮੰਜੀ ਸਾਹਿਬ ਦਾ ਥੜਾ ਬਣਾ ਪਲਸਤਰ ਕਰ ਵਾਪਸੀ ਦੀ ਤਿਆਰੀ ਕਰ ਲਈ, ਜਦ ਕਿਲੇ ਦਾ ਦਰਵਾਜ਼ਾ ਟਪ ਗਏ ਤਾਂ ਸਾਨੂੰ ਯਾਦ ਆਇਆ ਕਿ ਉਹ ਜਗਾ ਸਾਫ ਨਹੀਂ ਕੀਤੀ ਉਥੇ ਰੋੜੇ ਪਥਰ ਜੋ ਕਬਰ ਢਾਹੀ ਸੀ ਰਹਿ ਗਏ ਹਨ। ਜੇ ਕਰ ਸਵੇਰੇ ਪਤਾ ਲਗ ਗਿਆ ਕਿ ਇਹ ਕਬਰ ਢਾਹੀ ਪਈ ਹੈ। ਰੌਲਾ ਰੱਪਾ ਪੈ ਜਾਵੇਗਾ ਅਤੇ ਪੁਛ ਗਿਛ ਹੋਵੇਗੀ, ਕਿਸ ਤਰ੍ਹਾਂ ਕੀਤਾ ਜਾਵੇ? ਸਾਡੇ ਵਿਚੋਂ ਇਕ ਨੌਜਵਾਨ ਸਿੰਘ ਨੇ ਕਿਹਾ ਕਿ ਇਹ ਕੰਮ ਮੈਂ ਕਰਕੇ ਆਉਂਦਾ ਹਾਂ, ਤੁਸੀਂ ਜਾਵੋ। ਉਸਦੇ ਕਹਿਣ ਪਰ ਬਾਕੀ ਸੰਗਤ ਮੁੜ ਗਈ ਅਤੇ ਉਹ ਸਿੰਘ ਕਿਲੇ ਵਲ ਵਧਿਆ ਤਾਂ ਕੀ ਦੇਖਦਾ ਹੈ ਕਿ ਕਿਲੇ ਦਾ ਦਰਵਾਜ਼ਾ ਬੰਦ ਪਿਆ ਹੈ, ਜੰਦਾ ਲਗਾ ਹੋਇਆ ਹੈ ਅਤੇ ਚਿਟ ਭੀ ਦਰਵਾਜ਼ੇ ਪਰ ਉਸੇ ਤਰ੍ਹਾਂ ਲਗੀ ਹੋਈ ਹੈ ਜਿਸ ਤਰ੍ਹਾਂ ਰੋਜ਼ ਲਗੀ ਹੁੰਦੀ ਹੈ। ਪਹਿਰੇਦਾਰ ਨੇ ਸਿੰਘ ਨੂੰ ਪੁਛਿਆ ਆਪ ਕਿਧਰ ? ਸਿੰਘ ਨੇ ਉਤਰ ਦਿਤਾ ਮੈਂ ਦਾਤਾ ਬੰਦੀ ਛੋੜ ਦੇ ਦਰਸ਼ਨ ਕਰਨੇ ਹਨ। ਪਹਿਰੇਦਾਰ ਨੇ ਕਿਹਾ ਸਰਦਾਰ ਸਾਹਿਬ ਦਰਵਾਜ਼ਾ ਸਵੇਰੇ ੬ ਵਜੇ ਖੁਲੇਗਾ। ਸਿੰਘ ਨੇ ਮਨ ਹੀ ਮਨ ਵਿਚ ਕਿਹਾ ਠੀਕ ਹੈ, ਜਿਸ ਤਰਾਂ ਮੇਰੇ ਸਤਿਗੁਰੂ ਨੇ ਦਰਵਾਜ਼ਾ ਖੋਲਿਆ ਹੈ, ਉਸੇ



www.AKJ.Org

ਤਰਾਂ ਸਫਾਈ ਭੀ ਆਪੇ ਹੋ ਜਾਵੇਗੀ। ਉਹ ਸਿੰਘ ਭੀ ਸ਼ਹਿਰ ਨੂੰ ਮੁੜ ਗਿਆ। ਸਵੇਰੇ ੬ ਵਜੇ ਜਦ ਅਸੀਂ ਫਿਰ ਇਸ ਅਸਥਾਨ ਤੇ ਪੁਜੇ ਤਾਂ ਕੀ ਦੇਖਦੇ ਹਾਂ ਜਗ੍ਹਾ ਸਾਫ ਪਈ ਹੈ ਅਤੇ ਮੁਸਲਮਾਨ ਖੜੇ ਕਹਿ ਰਹੇ ਸਨ ਕਿ ਇਹ ਸਿਖਾਂ ਦੀ ਸ਼ਰਾਰਤ ਹੈ। ਅਫਸਰ ਭੀ ਖੜੇ ਸਨ, ਜਿਨ੍ਹਾਂ ਨੇ ਪੜਤਾਲ ਕੀਤੀ ਅਤੇ ਇਨਜੀਨੀਅਰ ਨੂੰ ਬਲਾਇਆ ਗਿਆ। ਇੰਨਜੀਨੀਅਰ ਨੇ ਆਕੇ ਮੌਕਿਆ ਦੇਖਿਆ, ਮੰਜੀ ਸਾਹਿਬ ਦਾ ਪਲਸਤਰ ਭੀ ਪੁਟ ਕੇ ਦੇਖਿਆ ਗਿਆ। ਸਾਰੀ ਜਾਂਚ ਪੜਤਾਲ ਮਗਰੋਂ ਇਨਜੀ-ਨੀਅਰ ਨੇ ਰਪੋਟ ਦਿਤੀ ਕਿ ਇਹ ਪਲਸਤਰ ਪੁਰਾਣਾ ਹੈ ਅਤੇ ਮੁਸਲਮਾਨ ਝੂਠੇ ਹਨ। ਉਸ ਦਿਨ ਮਗਰੋਂ ਇਸ ਅਸ਼ਥਾਨ ਪਰ ਸਿਖਾਂ ਦਾ ਕਬਜ਼ਾ ਹੋਇਆ ਅਤੇ ਹੋਲੀ ਹੋਲੀ ਸਿੰਘਾਂ ਨੇ ੪, ੫ ਵਿਘੇ ਜ਼ਮੀਨ ਪਰ ਭੀ ਕਬਜ਼ਾ ਕਰ ਲਿਆ। ਹੁਣ ਇਸ ਅਸਥਾਨ ਪਰ ਸਿਰਫ਼ ਸੰਗ ਮਰਮਰ ਦਾ ਥੜਾ ਹੀ ਬਣਿਆ ਹੋਇਆ ਹੈ ਅਤੇ ਇਕ ਪੁਰਾਣਾ ਕਮਰਾ ਬਣਿਆ ਹੋਇਆ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਮੰਜੀ ਸਾਹਿਬ ਪਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣੇਗੀ ਜੋ ਆਪਣੀ ਮਿਸਾਲ ਆਪ ਹੀ ਹੋਵੇਗਾ। ਸੰਗਤਾਂ ਨੇ ਉਸੇ ਵਕਤ ਮਾਇਆ ਇਕਤਰ ਕਰਕੇ ਤਕਰੀਬਨ ੨੫੦/-ਰੁਪੈ ਬਿਲਡਿੰਗ ਫੰਡ ਲਈ ਭੇਟ ਕੀਤੇ। ਇਸ ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਸਰੋਵਰ ਹੈ ਜਿਸ ਵਿਚੋਂ ਇਕ ਸਿਲ ਨਿਕਲੀ ਹੈ ਜਿਸ ਪਰ ਇਹ ਸ਼ਬਦ ਬਹਰੂਫ ਉਰਦੂ ਵਿਚ ਲਿਖੇ ਹਨ।

ਯਕ ਮਰਦ ਕਾਮਲ ਪੀਰ ਹਿੰਦ।
ਸ਼ਸ਼ਮ ਗੁਰੂ ਨਾਨਕ ਹਰਿ ਗੋਬਿੰਦ॥
ਬਹੁਕਮ ਸ਼ਹਿਨਸ਼ਾਹ ਨੂਰ ਉਲਦੀਨ ਸੁਲਤਾਨ ਹਿੰਦ।
ਨਜ਼ਰ ਬੰਦ ਕਰਦੰਦ ਪਿਸਰ ਗੁਰੂ ਅਰਜਨ॥
ਦਰ ਕਿਲ੍ਹਾ ਈਂਹ ਗੁਆਲੀਆਰ।
ਸਬੋ ਰੋਜ਼ ਹਰ ਸਹਰ ਗ਼ੁਸਲ ਕਰਦੰਦ॥
ਦਰ ਹੌਜ਼ ਅਜ਼ੀਂ ਗੰਗੋਲਾ॥

੧੬੭੨ ਸੰਮਤ ਵਜ਼ੀਰ ਖਾਂ

## ਸੰਗਤਾਂ ਦਾ ਭੁਪਾਲ ਪੁਜਣਾ

ਦੁਪੈਹਰ ਦਾ ਲੰਗਰ ਸੰਗਤਾਂ ਨੇ ਰਸਤੇ ਵਿਚ ਹੀ ਛਕਿਆ ਅਤੇ ਰਾਤ ਤਕਰੀਬਨ ੧੦ ਵਜੇ ਭੁਪਾਲ ਪੁਜੇ। ਭੁਪਾਲ ਦੀ ਸੰਗਤ ਵਲੋਂ ਤਿੰਨ ਚਾਰ ਸਿੰਘ ਸ਼ਹਿਰ ਦੇ ਬਾਹਰ ਪਹਿਲੇ ਹੀ ਅਗੇ guide ਕਰਨ ਲਈ ਪੁਜੇ ਹੋਏ ਸਨ। ਉਨ੍ਹਾਂ ਨੇ ਬਸਾਂ ਦੇ ਅਗੇ ਆਪਣੇ ਸਕੂਟਰ ਲਾ ਲਏ ਅਤੇ ਦੀਵਾਨ ਅਸਥਾਨ ਵਲ ਨੂੰ ਲੈ ਤੁਰੇ ਜਿਥੇ ਭੁਪਾਲ ਦੀਆਂ ਸੰਗਤਾਂ ਇੰਤਜ਼ਾਰ ਕਰ ਰਹੀਆਂ ਸਨ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਵਾਗਤ ਕਰਨ ਮਗਰੋਂ ਇਸ ਸ਼ਬਦ ਦਾ ਕੀਰਤਨ ਆਰੰਭ ਹੋਇਆ—

ਜਿਨਾ ਦੇ ਸੰਦੜਿਆ ਦੁਰਮਤਿ ਵੰਞੈ।
ਮਿਤ੍ਰ ਅਸਾਡੜੇ ਸੇਈ॥

ਇਸ ਸ਼ਬਦ ਦੇ ਸਮਾਪਤ ਹੋਣ ਮਗਰੋਂ ਭੁਪਾਲ ਦੀ ਸੰਗਤ ਨੇ ਫੁਲਾਂ ਦੀ ਵਰਖਾ ਕੀਤੀ ਅਤੇ ਜੀ ਆਇਆਂ ਆਖਿਆ। ਸਾਰਾ ਪਰੋਗਰਾਮ H.E.L. ਭੁਪਾਲ ਦੀ ਸੰਗਤ ਵਲੋਂ ਸੀ ਇਸ ਲਈ ਕੀਰਤਨ ਦਾ ਪਰੋਗਰਾਮ ਭੀ ਉਥੇ ਹੀ ਗੁਰਦੁਆਰਾ ਸਾਹਿਬ ਵਿਚ ਸੀ ਅਤੇ ਰਿਹਾਇਸ਼ ਦਾ ਪਰਬੰਧ ਭੀ ਉਥੇ ਬਿਲਕੁਲ ਨੇੜੇ ਸੀ। ਯਾਤਰੂਆਂ ਨੂੰ ਰਿਹਾਇਸ਼ ਵਾਲੀ ਥਾਂ ਲੈ ਜਾ ਕਰ ਲੰਗਰ ਛਕਾਇਆ ਗਿਆ। ਸੰਗਤਾਂ ਨੇ ਲੰਗਰ ਛਕ ਰਾਤ ਬਿਸਰਾਮ ਕੀਤਾ। (ਚਲਦਾ)


www.AKJ.Org

# ਦਾਨੀ ਸਜਣਾਂ ਦਾ ਧੰਨਵਾਦ !

| | |
|---|---|
| ਭਾਈ ਹਰਨਾਮ ਸਿੰਘ ਜੀ ਡੇਹਰਾਦੂਨ | 10-00 |
| ਭਾਈ ਪਰਤਾਪ ਸਿੰਘ ਜੀ ਮੇਰਠ ਛਾਉਣੀ | 11-00 |
| ਸ੍ਰੀ ਜਵੰਦ ਲਾਲ ਜੀ ਅੰਬਾਲਾ ਸ਼ਹਿਰ | 5-00 |
| ਭਾਈ ਦੁਰਲਭ ਸਿੰਘ ਜੀ ਅੰਬਾਲਾ ਛਾਉਣੀ | 10-00 |
| ਇਕ ਗੁਰਮੁਖ ਪਿਆਰਾ ਜਲੰਧਰ | 5-00 |
| ਭਾਈ ਰਾਮ ਸਿੰਘ ਜੀ ਦੁਰਾਹਾ ਮੰਡੀ (ਲੁਧਿਆਣਾ) | 10-00 |
| ਭਾਈ ਸਤਿਨਾਮ ਸਿੰਘ ਜੀ ਜਲੰਧਰ | 20-00 |
| ਸਕੱਤਰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੈਂਬੇ (ਗੁਜਰਾਤ) | 11-00 |

## ਲੁਧਿਆਣਾ ਵਿਖੇ ਕੀਰਤਨ-ਸਮਾਗਮ

ਸਰਬੱਤ ਸੰਗਤਾਂ ਦੀ ਗਿਆਤ ਲਈ ਬਿਨੇ ਹੈ ਕਿ ਸਦਾ ਦੀ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਦੇ ਗੁਰਦੁਆਰੇ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਉਤਸ਼ਵ ਪੋਹ ਸੁਦੀ ਸਪਤਮੀ 4, 5 ਅਤੇ 6 ਜਨਵਰੀ 1968 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਸਮੂੰਹ ਕੀਰਤਨੀ ਜਥੇ ਭਾਗ ਲੈ ਰਹੇ ਹਨ।

ਛਪਿਆ ਪ੍ਰੋਗਰਾਮ ਛੇਤੀ ਹੀ ਸੰਗਤਾਂ ਨੂੰ ਭੇਜ ਦਿਤਾ ਜਾਵੇਗਾ।

ਦਾਸਰੇ—ਨਿਰਬਾਣ ਕੀਰਤਨੀ ਜਥਾ, ਲੁਧਿਆਣਾ।

**ਜ਼ਰੂਰੀ ਸੂਚਨਾ**—ਪਾਠਕਾਂ ਪ੍ਰਤੀ ਸੂਚਨਾ ਹੈ ਕਿ ਇਸ ਮਹੀਨੇ ਥਾਂ ਦੀ ਥੁੜ ਕਾਰਨ ਅਸੀਂ "ਗੁਰਮਤ ਦੇ ਝਰੋਖੇ" ਵਾਲਾ ਕਾਲਮ ਨਹੀਂ ਛਾਪ ਸਕੇ, ਇਸ ਲਈ ਖਿਮਾਂ ਦੇ ਜਾਚਕ ਹਾਂ। —ਮੈਨੇਜਰ 'ਸੂਰਾ'

**+ 'ਸੂਰਾ' ਦਾ ਸਾਲਾਨਾ ਚੰਦਾ +**

ਦੇਸ ੬) ਰੁਪਏ ਪ੍ਰਦੇਸ ੧੦) ਰੁਪਏ

ਲਾਈਫ਼ ਮੈਂਬਰ— ੧੫੦) ਰੁਪਏ

ਇਕ ਕਾਪੀ ੬੦ ਪੈਸੇ

## ਚਿਟ ਨੰਬਰ ਦਾ ਹਵਾਲਾ ਕਿਉਂ ਜ਼ਰੂਰੀ ਹੈ ?

ਪਾਠਕਾਂ ਨੂੰ ਬਿਨੇ ਕੀਤੀ ਜਾਂਦੀ ਹੈ ਕਿ ਜਦੋਂ ਵੀ ਇਸ ਦਫਤਰ ਨਾਲ, ਪੁਛ ਗਿਛ ਦੀ ਕਿਸੇ ਤਰ੍ਹਾਂ ਦਾ ਵੀ ਚਿਠੀ-ਪੱਤਰ ਕਰਨਾ ਹੋਵੇ ਤਾਂ ਸਾਡੀ ਸਹੂਲਤ ਲਈ ਤੇ ਛੇਤੀ ਜਵਾਬ ਲਈ ਕ੍ਰਿਪਾ ਕਰਕੇ ਆਪਣਾ ਮੈਂਬਰ ਸ਼ਿਪ ਨੰਬਰ ਦਾ ਜ਼ਰੂਰ ਹਵਾਲਾ ਦਿਉ। ਹਵਾਲਾ ਨਾ ਦੇਣ ਵਿਚ ਸਾਨੂੰ ਕਾਫ਼ੀ ਪੜਤਾਲ ਕਰਨੀ ਪੈਂਦੀ ਹੈ। ਜੇ ਤੁਸੀਂ ਅਜੇ ਸਾਡੇ ਮੈਂਬਰ ਨਹੀਂ ਬਣੇ ਤਾਂ ਮੈਂਬਰਸ਼ਿਪ ਨੰਬਰ ਦੀ ਥਾਂ ਇਹ ਸਪਸ਼ਟ ਲਿਖ ਦਿਆ ਕਰੋ 'ਨਹੀਂ ਹੈ', ਤਾਂਕਿ ਅਸੀਂ ਵਾਧੂ ਪੜਤਾਲ ਦੀ ਖੇਚਲ ਤੋਂ ਬਚ ਸਕੀਏ। ਧੰਨਵਾਦ !

ਦਾਸ—ਮੈਨੇਜਰ 'ਸੂਰਾ'

www.AKJ.Org

'SURA' Monthly 5 December 1967 Regd. No. P 119

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫-੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨-੫੦ |
| ੩. ਗੁਰਮਤ ਲੇਖ | ੨-੫੦ |
| ੪. ਗੁਰਮਤ ਬਬੇਕ | ੩-੦੦ |
| ੫. ਸੱਚਖੰਡ ਦਰਸ਼ਨ | ੦-੭੫ |
| ੬. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ੭. ਚਰਨ ਕਮਲ ਕੀ ਮਉਜ | ੦-੮੮ |
| ੮. ਅਣਡਿਠੀ ਦੁਨੀਆਂ | ੪-੦੦ |
| ੯. ਕਰਮ ਫ਼ਿਲਾਸਫ਼ੀ | ... |
| ੧੦. ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧. ਗੁਰਮਤ ਸਚ ਨਿਰਣੇ | ... |
| ੧੨. ਅੰਮ੍ਰਿਤ ਕਲਾ | ੦-੪੦ |
| ੧੩. ਅੰਮ੍ਰਿਤ ਕੀ ਹੈ ? | ੦-੩੦ |
| ੧੪. ਸੁਪਨਾ | ੦-੩੦ |
| ੧੫. ਬਾਬਾ ਵੈਦ ਰੋਗੀਆਂ ਦਾ | ੦-੨੦ |
| ੧੬. ਗਯਾਨ ਚਾਨਣਾ | ੦-੧੦ |
| ੧੭. ਹਉਮੈ ਨਾਵੈ ਨਾਲਿ ਵਿਰੋਧ | ੦-੨੦ |
| ੧੮. ਦਰਸ਼ਨ ਝਲਕਾਂ (ਕਵਿਤਾ) | ... |
| ੧੯. ਜੋਤਿ ਵਿਗਾਸ (ਕਵਿਤਾ) | ... |
| ੨੦. ਕਥਾ ਕੀਰਤਨ | ... |
| ੨੧. ਰੰਗਲੇ ਸਜਣ | ੨.੫੦ |
| ੨੨. ਸਿੱਖ ਕੌਣ ਹੈ ? | ੦-੧੫ |
| ੨੩. ਆਸਤਕ ਨਾਸਤਕ | ੦-੧੫ |
| ੨੪. ਕੋ ਵਿਰਲਾ ਗੁਰਮਤਿ ਚਲੈ | ੦-੨੦ |
| ੨੫. ਸਚੀਆਂ ਦਾਹੜੀਆਂ | ੦-੧੨ |
| ੨੬. ਸੰਤ ਪਦ ਨਿਰਣੇ | ੨.੨੫ |
| ੨੭. ਗੁਰਮਤ ਰਮਜ਼ਾਂ | ੦-੬੫ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ | ... |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦-੨੦ |
| ੩੨. ਵਾਹਿਗੁਰੂ ਸਿਮਰਨ | ੦-੧੫ |
| ੩੩. ਗੁਰਮਤ ਪ੍ਰਕਾਸ਼ | ੧-੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ੩੫. ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧-੫੬ |
| ੩੭. ਗੁਰਮਤ ਵਿਚਾਰ | ੦-੮੦ |
| ੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ੩੯. ਨਾਮ ਸਬੰਧੀ ਵਿਚਾਰ | ੦-੫੦ |
| ੪੦. ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ੪੧. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੩੦ |

ਪੁਸਤਕਾਂ ਮਿਲਣ ਦਾ ਪਤਾ :—

## ਸੂਰਾ ਪੁਸਤਕ ਭੰਡਾਰ, ਰਾਘੋ ਮਾਜਰਾ, ਪਟਿਆਲਾ ।

www.AKJ.Org